ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

ਸੰਮਤ: ੫੫੭ ਨਾਨਕਸ਼ਾਹੀ | Weekly Paper | ਸਪਤਾਹਕ ਪਤਰ | ਸਾਕਾ: ੨੨੦

ਮੁੱਖ ਸੰਪਾਦਕ ਗਿਆਨੀ ਗੁਰਜੀਤ ਸਿੰਘ ਪਟਿਆਲਾ | ਸੰਪਾਦਕ ਗੁਰਪ੍ਰੀਤ ਸਿੰਘ | ਉਪ ਸੰਪਾਦਕ ਮੇਜਰ ਸਿੰਘ

੧ ਭਾਦੋਂ ਸੰਨ ੨੦੨੫
Saturday, 16 August

## ਭਾਦੁਇ ਭਰਮ ਭੁਲਾਣੀਆ

ਸ਼ਹੀਦਾਂ ਦੇ ਸਿਰਤਾਜ, ਬਾਣੀ ਕੇ ਬੋਹਿਥ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਰਹ ਮਾਹਾ ਮਾਝ ਦੀ ਇਸ ਪਾਵਨ ਪਉੜੀ ਵਿਚ ਭਾਦਰੋਂ ਮਹੀਨੇ ਦੀ ਰੁੱਤ ਅਤੇ ਇਸ ਦੇ ਮਨੁੱਖ-ਮਾਤਰ ਅਤੇ ਜੀਵ-ਜਗਤ ਉੱਪਰ ਅਸਰ ਦੇ ਸੰਬੰਧ ਵਿਚ ਮਨੁੱਖਾ ਜੀਵ-ਇਸਤਰੀ ਨੂੰ ਸਰੀਰ ਦੀ ਨਾਸ਼ਮਾਨਤਾ ਤੇ ਸੰਸਾਰਿਕ ਰਿਸ਼ਤਿਆਂ ਦੀ ਅਸਥਿਰਤਾ ਦਰਸਾਉਂਦੇ ਹੋਏ ਸਤਿ, ਸੰਤੋਖ ਤੇ ਧੀਰਜ ਅਤੇ ਸੱਚੇ ਰੂਹਾਨੀ ਗਿਆਨ ਦਾ ਸਹਾਰਾ ਲੈਂਦਿਆਂ ਕੁੜੀ ਅਗਿਆਨਤਾ 'ਚੋਂ ਬਾਹਰ ਨਿਕਲਣ ਦਾ ਗੁਰਮਤਿ ਗਾਡੀ ਮਾਰਗ ਬਖਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫ਼ਰਮਾਨ ਕਰਦੇ ਹਨ ਕਿ ਭਾਦਰੋਂ ਦੇ ਮਹੀਨੇ ਵਿਚ ਉਹ ਜੀਵ-ਇਸਤਰੀ ਅਗਿਆਨਤਾ ਦੇ ਭਰਮ ਵਿਚ ਭੁੱਲੀ ਭਟਕਦੀ ਰਹਿੰਦੀ ਹੈ ਜਿਹੜੀ ਪਰਮਾਤਮਾ ਰੂਪੀ ਸੱਚੇ ਮਾਲਕ ਜਾਂ ਪਤੀ ਦੇ ਪਿਆਰ ਨੂੰ ਛੱਡ ਕੇ ਕਿਸੇ ਹੋਰ ਨਾਲ ਭਾਵ ਰੂਹਾਨੀ ਪਿਆਰ ਨੂੰ ਛੱਡ ਕੇ ਉਲਾਰੂ ਮੋਹ ਸੰਸਾਰ ਨਾਲ ਲਾ ਬੈਠਦੀ ਹੈ।

ਬਾਕੀ ਪੰਨਾ ਨੰ. 4 'ਤੇ ਪੜ੍ਹੋ




## ਭਾਦੁਇ ਮਹੀਨੇ ਰਾਹੀਂ ਗੁਰ ਉਪਦੇਸ਼

ਡਾ. ਇੰਦਰਜੀਤ ਸਿੰਘ ਗੋਗੋਆਣੀ

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥ ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥(ਅੰਗ ੧੩੪)ਰੁੱਤਾਂ ਦੀ ਵੰਡ ਅਨੁਸਾਰ ਸਾਵਣਿ ਤੇ ਭਾਦੁਇ ਦੋਨੋਂ ਵਰਖਾ ਰੁੱਤ ਦੇ ਮਹੀਨੇ ਹਨ।ਭਾਦੁਇ ਦੇ ਭਾਵ ਅਰਥ ਦੋ ਭਾ ਵੀ ਲਏ ਜਾਂਦੇ ਹਨ ਕਿਉਂਕ ਇਸ ਮਹੀਨੇ ਮੌਸਮ ਦਾ ਮਿਜ਼ਾਜ ਦੋ ਰੰਗਾਂ ਦਾ ਹੁੰਦਾ ਹੈ। ਕਦੀ ਅੱਤ ਚੁਮਾਸਾ ਅਤੇ ਕਦੀ ਵਰਖਾ। ਇਸ ਨੂੰ ਵਰਖਾ ਰੁੱਤ ਦਾ ਦੂਜਾ ਮਹੀਨਾ ਵੀ ਕਿਹਾ ਜਾਂਦਾ ਹੈ। ਜੇਕਰ ਇਸ ਮਹੀਨੇ ਦੇ ਨਾਮਕਰਣ ਬਾਰੇ ਵਿਚਾਰੀਏ ਤਾਂ 'ਮਹਾਨ ਕੋਸ਼' ਅਨੁਸਾਰ ਜਿਸ ਦੀ ਪੂਰਨਮਾਸ਼ੀ ਨੂੰ ਭਾਦ੍ਰਪਦਾ ਨਕੜ ਦਾ ਯੋਗ ਹੁੰਦਾ ਹੈ। 'ਸੰਖਿਆ ਕੋਸ਼' ਅਨੁਸਾਰ ਸਤਾਈ ਨਛੱਤਰਾਂ 'ਚੋਂ ਵੀਹਵਾਂ ਨਛੱਤਰ ਪੂਰਵਾ ਭਦ੍ਰਪਦਾ ਹੈ। ਇਸ ਨੂੰ ਆਮ ਉਚਾਰਣ ਵਿਚ ਅਸੀਂ ਭਾਦੋਂ ਦਾ ਮਹੀਨਾ ਕਹਿੰਦੇ ਹਾਂ ਤੇ ਇਸ ਦਾ ਨਾਮਕਰਣ ਭਾਦ੍ਰਪਦਾ ਨਛੱਤਰ ਤੋਂ ਪ੍ਰਚੱਲਿਤ ਹੋਇਆ ਹੈ। 'ਸਮ ਅਰਥ ਕੋਸ਼' ਵਿਚ ਇਸ ਦੇ ਸਮਾਨ-ਅਰਥੀ ਸ਼ਬਦ ਭਾਦੋ ਭ, ਨਭਸਯ, ਪ੍ਰੌਖਠਪਦ, ਭਾਦਉਂ, ਭਾਦਵ, ਭਾਦੁਇ, ਭਾਦੋਂ, ਭਾਦੂ ਤੇ ਭਾਦ੍ਰਪਦ ਆਦਿ ਹਨ।ਬਾਰਹ ਮਾਹਾ ਤੁਖਾਰੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਮਹੀਨੇ ਰਾਹੀਂ ਇਉਂ ਉਪਦੇਸ਼ ਬਖ਼ਸ਼ਦੇ ਹਨ :ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥ ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥(ਅੰਗ ੧੧੦੮) ਭਾਵ - ਭਾਦਰੋਂ ਦੇ ਮਹੀਨੇ ਜਿਹੜੀ ਜੀਵ ਰੂਪ ਇਸਤਰੀ ਭਰਮ 'ਚ ਭੁੱਲੀ ਭਰ ਜੋਬਨ ਵਿਚ ਗਲਤੀ ਖਾ ਗਈ, ਉਸ ਨੂੰ ਪ੍ਰਭੂ ਦੇ ਵਿਛੋੜੇ ਵਿਚ ਪਛਤਾਉਣਾ ਹੀ ਪਿਆ। ਇਸ ਵਰਖਾ ਰੁੱਤੇ ਸਭ ਥਾਂ ਪਾਣੀ ਨਾਲ ਭਰੇ ਹੋਏ ਹਨ ਤੇ ਇਸ ਨਜ਼ਾਰੇ ਦਾ ਰੰਗ ਪ੍ਰਭੂ ਸੰਜੋਗ ਨਾਲ ਮਾਣਿਆ ਜਾ ਸਕਦਾ ਹੈ। ਅੱਗੇ ਇਸ ਮਹੀਨੇ ਦੇ ਕੁਦਰਤੀ ਰੰਗਾਂ ਦਾ ਚਿਤਰਨ ਹੈ :

ਬਾਕੀ ਪੰਨਾ ਨੰ. 4 'ਤੇ ਪੜ੍ਹੋ

## ਸੁਪਰੀਮ ਕੋਰਟ ਦੇ ਨਿਰਦੇਸ਼ ਦੇ ਅਧਾਰ 'ਤੇ ਬੰਦੀ ਸਿੰਘ ਤੁਰੰਤ ਰਿਹਾਅ ਕੀਤੇ ਜਾਣ- ਐਡਵੋਕੇਟ ਧਾਮੀ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੁਪਰੀਮ ਕੋਰਟ ਵੱਲੋਂ ਕੈਦੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਜੇਲ੍ਹਾਂ ਵਿੱਚ ਰੱਖਣ ਵਿਰੁੱਧ ਦਿੱਤੇ ਨਿਰਦੇਸ਼ਾਂ ਦਾ ਸਵਾਗਤ ਕਰਦਿਆਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਸਜਾ ਪੂਰੀ ਕਰਨ ਵਾਲੇ ਕੈਦੀਆਂ ਨੂੰ ਰਿਹਾਅ ਕਰਨ ਦੇ ਨਿਰਦੇਸ਼ ਮਾਨਵੀ ਅਧਿਕਾਰਾਂ ਦੀ ਤਰਜਮਾਨੀ ਹਨ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕੇਂਦਰ ਸਰਕਾਰ ਅਤੇ ਸਬੰਧਤ ਰਾਜ ਸਰਕਾਰਾਂ ਨੂੰ ਅਪੀਲ ਕੀਤੀ ਕਿ ਇਸ ਫੈਸਲੇ ਦੀ ਰੌਸ਼ਨੀ ਵਿੱਚ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਕਿਉਂਕਿ ਇਨ੍ਹਾਂ ਨੇ ਉਮਰ ਕੈਦ ਤੋਂ ਵੀ ਦੁਗਣੀਆਂ ਸਜ਼ਾਵਾਂ ਭੁਗਤ ਲਈਆਂ ਹਨ ।ਉਨ੍ਹਾਂ ਕਿਹਾ ਕਿ ਭਾਈ ਗੁਰਦੀਪ ਸਿੰਘ ਖੇੜਾ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਦੇਵਿੰਦਰਪਾਲ ਸਿੰਘ ਭੁੱਲਰ, ਭਾਈ ਜਗਤਾਰ ਸਿੰਘ ਤਾਰਾ ਅਤੇ ਹੋਰਨਾਂ ਨੇ ਕਰੀਬ 30 ਸਾਲਾਂ ਤੋਂ ਵੱਧ ਸਮਾਂ ਜੇਲ੍ਹਾਂ ਵਿੱਚ ਬਿਤਾਇਆ ਹੈ, ਪਰ ਸਰਕਾਰੀ ਨੀਤੀਆਂ ਕਾਰਨ ਉਨ੍ਹਾਂ ਨੂੰ ਰਿਹਾਈ ਨਹੀਂ ਮਿਲ ਰਹੀ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ਼ ਮਨੁੱਖੀ ਅਧਿਕਾਰਾਂ ਅਤੇ ਸੰਵਿਧਾਨ ਦੀ ਘੋਰ ਉਲੰਘਣਾ ਹੈ, ਬਲਕਿ ਸਿੱਖ ਭਾਵਨਾਵਾਂ ਨਾਲ ਵੀ ਬੇਇਨਸਾਫ਼ੀ ਹੈ, ਜਿਸ ਨਾਲ ਪੰਜਾਬ ਅਤੇ ਸਿੱਖ ਭਾਈਚਾਰੇ ਵਿੱਚ ਰੋਸ ਵਧ ਰਿਹਾ ਹੈ। ਸਰਕਾਰਾਂ ਵੱਲੋਂ ਬੰਦੀ ਸਿੰਘਾਂ ਨਾਲ ਕੀਤੀ ਜਾ ਰਹੀ ਇਹ ਬੇਇਨਸਾਫ਼ੀ ਨਿਆਂ ਦੀ ਭਾਵਨਾ ਨੂੰ ਠੇਸ ਪਹੁੰਚਾਉਂਦੀ ਹੈ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸੁਪਰੀਮ ਕੋਰਟ ਦਾ ਇਹ ਫੈਸਲਾ ਬੰਦੀ ਸਿੰਘਾਂ ਲਈ ਨਿਆਂ ਦਾ ਰਾਹ ਖੋਲ੍ਹਦਾ ਹੈ ਅਤੇ ਸਰਕਾਰਾਂ ਨੂੰ ਇਸ ਨੂੰ ਲਾਗੂ ਕਰਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸਿੱਖ ਭਾਈਚਾਰੇ ਨੂੰ ਵੀ ਅਪੀਲ ਕੀਤੀ ਕਿ ਇਸ ਮੁੱਦੇ ਤੇ ਏਕਤਾ ਨਾਲ ਖੜ੍ਹੇ ਰਹਿਣ ਅਤੇ ਨਿਆਂ ਲਈ ਆਵਾਜ਼ ਬੁਲੰਦ ਕਰਨ। ਸ਼੍ਰੋਮਣੀ ਕਮੇਟੀ ਇਸ ਮਾਮਲੇ ਵਿੱਚ ਹਰ ਸੰਭਵ ਕਾਨੂੰਨੀ ਕਦਮ ਚੁੱਕੇਗੀ।

# { ਲੇਖ ਅਤੇ ਖਬਰਾਂ }

## ਬਿਪਤਾ ਅਤੇ ਯੁੱਧ ਵਿਚ ਸਾਹਿਸ

ਵੱਡੇ-ਵੱਡੇ ਅਅੱਛੇ ਮਹਾਤਮਾਂ ਦਾ ਕਥਨ ਹੈ ਕਿ ਅੱਛੇ ਪੁਰਖਾਂ ਨੂੰ ਚਾਹੀਦਾ ਹੈ ਕਿ ਜੋ ਬਿਪਤਾ ਅਤੇ ਯੁੱਧ ਕਾਲ ਵਿਚ ਅਪਨੇ ਹੌਂਸਲੇ ਨੂੰ ਨਾ ਹਾਰਨ ਜੈਸਾ ਕਿ ਇਕ ਮਹਾਤਮਾ ਦਾ ਕਥਨ:

ਕਰਕੈ ਪਰਹਾਰ ਭਏ ਜਮਕੁੰਦਕ ਭੂਮ ਗਿਰੇ ਪੁਨ ਉਰਧ ਹੋਈ॥
ਬ੍ਰਿਤ ਔਬ੍ਰਿਤ ਉਤਮ ਸੰਤਨ ਕੀ ਪਰ ਹੋਵਤਿ ਨਾਸ ਜਬੈ ਵਹਿ ਦੋਈ॥ ਅਪਦਾ ਅਤਿ ਪ੍ਰਾਪਤ ਹੋਇ ਜਬੈ ਨਹਿ ਤਦਪ ਵਯਾਕੁਲ ਹੋਵਤ ਸੋਈ। ਸਮ ਮੇਰੁ ਰਹੈ ਥਿਤ ਸੰਤ ਸਦਾ ਬਿਪਤ ਸਮ ਗੇਂਦ ਸਮਾਨ ਸੋ ਜੋਈ॥ (ਸਾਰੁਕਤਾਵਲੀ)

ਇਸ ਬਚਨ ਦਾ ਭਾਵ ਇਹ ਹੈ ਕਿ ਜਿਸ ਤਰ੍ਹਾਂ ਗੇਂਦ ਨੂੰ ਜਦ ਕੋਈ ਪੁਰਸ਼ ਵੱਡੇ ਜ਼ੋਰ ਸ਼ੋਰ ਨਾਲ ਜ਼ਮੀਨ ਪਰ ਮਾਰਦਾ ਹੈ ਤਦ ਉਸ ਦੇ ਪਲਟੇ ਵਿਚ ਗੇਂਦ ਸਗੋਂ ਊਚਾ ਉਭਰਦਾ ਹੈ। ਇਸੀ ਪ੍ਰਕਾਰ ਉੱਤਮ ਪੁਰਖਾਂ ਦਾ ਜਦ ਧਨ ਮਾਲ ਸਾਰਾ ਨਸ਼ਟ ਹੋ ਜਾਵੇ ਅਰ ਬਹੁਤ ਉਨ੍ਹਾਂ ਪਰ ਬਿਪਤਾ ਆਇ ਪਵੇ ਤਦ ਉਹ ਉਸ ਤੇ ਬਿਆਕੁਲ ਨਹੀਂ ਹੁੰਦੇ, ਸਗੋਂ ਸੁਮੇਰ ਪਰਬਤ ਵਾਂਗ ਸਦਾ ਹੀ ਅਚਲ ਰਹਿੰਦੇ ਹਨ ਅਤੇ ਉਸ ਬਿਪਤਾ ਨੂੰ ਉਸੀ ਗੇਂਦ ਦੀ ਤਰ੍ਹਾਂ ਸਮਝਦੇ ਹਨ।

**ਬਾਕੀ ਪੰਨਾ ਨੰ. 5 ’ਤੇ ਪੜ੍ਹੋ**

## ਆਜ਼ਾਦੀ ਦੀ ਲੜਾਈ ਵਿੱਚ ਸਿੱਖਾਂ ਦਾ ਯੋਗਦਾਨ

ੂਰੂ ਕੇ ਬਾਗ ਦੇ ਗੁਰਦੁਆਰੇ ਦਾ ਮਹੰਤ ਸੁੰਦਰ ਦਾਸ ਸੀ, ਜਿਸ ਨਾਲ ਇਕ ਸਾਲ ਪਹਿਲਾਂ ਕਮੇਟੀ ਦਾ ਸਮਝੌਤਾ ਹੋ ਗਿਆ ਸੀ ਤੇ ਮਹੰਤ ਨੇ ਅੰਮ੍ਰਿਤਪਾਨ ਕਰਕੇ ਕਮੇਟੀ ਅਧੀਨ ਸੇਵਾ ਕਰਨਾ ਪ੍ਰਵਾਨ ਕਰ ਲਿਆ ਸੀ। ਸਿੰਘਾਂ ਉੱਤੇ ਸਰਕਾਰੀ ਸਖ਼ਤੀ ਦਾ ਦੌਰ ਵੇਖ ਕੇ ਮਹੰਤ ਵੀ ਆਪਣੀ ਤੋਰ ਬਦਲ ਬੈਠਾ। ਉਸ ਨੇ ਸਮਝਿਆ ਕਿ ਹੁਣ ਮੁੜ ਜਾਇਦਾਦ ਆਪਣੇ ਕਬਜ਼ੇ ਕੀਤੀ ਜਾ ਸਕੇਗੀ।

ਪਹਿਲਾਂ ਵਾਂਗ 8 ਅਗਸਤ ਨੂੰ ਪੰਜ ਸਿੰਘ ਗੁਰੂ ਕੇ ਬਾਗ ਦੀ ਜ਼ਮੀਨ ਵਿੱਚੋਂ, ਜੋ ਸਮਝੌਤੇ ਅਨੁਸਾਰ ਕਮੇਟੀ ਦੇ ਪ੍ਰਬੰਧ ਹੇਠ ਆ ਚੁੱਕੀ ਸੀ, ਲੱਕੜਾਂ ਲੈਣ ਗਏ, ਕਿਸੇ ਨੇ ਕੁਛ ਨਾ ਆਖਿਆ ਤੇ ਨਾ ਹੀ ਮਹੰਤ ਨੇ ਰਿਪੋਰਟ ਕੀਤੀ। ਹਾਂ, ਇਸ ਗੱਲ ਦੀ ਇਤਲਾਹ ਬੇਦੀ ਬ੍ਰਿਜ ਲਾਲ ਨੇ ਪੁਲਿਸ ਨੂੰ ਪਹੁੰਚਾਈ, ਜਿਸ ’ਤੇ 9 ਅਗਸਤ ਨੂੰ ਪੁਲਿਸ ਇਨ੍ਹਾਂ ਪੰਜਾਂ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਲੈ ਗਈ ਤੇ 10 ਅਗਸਤ ਨੂੰ ਛੇ ਛੇ ਮਹੀਨੇ ਦੀ ਸਜ਼ਾ ਸੁਣਾ ਦਿੱਤੀ।

**ਬਾਕੀ ਪੰਨਾ ਨੰ. 5 ’ਤੇ ਪੜ੍ਹੋ**

## ਧਰਮ ਹੇਤ ਸਾਕਾ ਜਿਨ ਕੀਆ

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ੍ਰਿਸ਼ਟੀ ਦੀ ਚਾਦਰ ਕਹਿ ਕੇ ਯਾਦ ਕੀਤਾ ਜਾਂਦਾ ਹੈ। ਗੁਰੂ ਜੀ ਨੇ ਹਿੰਦੂ ਧਰਮ ਦੀ ਰਾਖੀ ਲਈ ਆਪਣਾ ਸੀਸ ਦਿੱਤਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਿਹ ਮਾਤਾ ਨਾਨਕੀ ਜੀ ਦੀ ਕੁੱਖੋਂ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਜਦੋਂ ਆਪ ਜੀ ਦੀ ਉਮਰ ਕੇਵਲ 5 ਸਾਲ ਦੀ ਹੀ ਸੀ, ਉਸ ਵੇਲੇ ਆਪ ਜੀ ਸਮਾਧੀ ਲਗਾਕੇ ਬੈਠ ਜਾਂਦੇ। ਮਾਤਾ ਨਾਨਕੀ ਜੀ ਨੂੰ ਇਸ ਗੱਲ ਦੀ ਚਿੰਤਾ ਹੋਣੀ ਸੁਭਾਵਿਕ ਸੀ ਕਿ ਉਨ੍ਹਾਂ ਦਾ ਪੁੱਤਰ ਇਸ ਤਰ੍ਹਾਂ ਇਕੱਲਾ-ਇਕੱਲਾ ਕਿਉਂ ਰਹਿੰਦਾ ਹੈ ਤੇ ਜ਼ਿਆਦਾ ਇਕਾਂਤ ਕਿਉਂ ਭਾਲਦਾ ਹੈ। ਉਨ੍ਹਾਂ ਆਪਣੀ ਇਹ ਸ਼ੰਕਾ ਗੁਰੂ ਹਰਿਗੋਬਿੰਦ ਸਾਹਿਬ ਜੀ ਅੱਗੇ ਪੇਸ਼ ਕੀਤੀ ਤਾਂ ਗੁਰੂ ਜੀ ਨੇ ਕਿਹਾ ਕਿ ਇਹ ਬਹੁਤ ਸ਼ਕਤੀਸ਼ਾਲੀ ਅਤੇ ਸੂਰਮਾ ਬਣੇਗਾ ਅਤੇ ਵੱਡੇ ਸਾਕੇ ਲਈ ਇਹ ਆਪਣੇ ਆਪ ਨੂੰ ਤਿਆਰ ਕਰ ਰਹੇ ਹਨ।ਗੁਰੂ ਤੇਗ ਬਹਾਦਰ ਜੀ ਦੀ ਸ਼ਾਦੀ ਜਲੰਧਰ ਨੇੜੇ ਪੈਂਦੇ ਨਗਰ ਕਰਤਾਰਪੁਰ ਸਾਹਿਬ ਦੇ ਵਸਨੀਕ ਲਾਲ ਚੰਦ ਦੀ ਪੁੱਤਰੀ ਗੁਜਰੀ ਜੀ ਨਾਲ ਹੋਈ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤ ਸਮਾ ਗਏ ਸਨ ਤਾਂ ਗੁਰੂ ਤੇਗ ਬਹਾਦਰ ਜੀ ਮਾਤਾ ਨਾਨਕੀ ਜੀ ਅਤੇ ਆਪਣੀ ਪਤਨੀ ਮਾਤਾ ਗੁਜਰੀ ਜੀ ਨੂੰ ਨਾਲ ਲੈ ਕੇ ਬਾਬਾ ਬਕਾਲੇ ਵਿਖੇ ਰਹਿਣ ਚਲੇ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਬਾਅਦ ਗੁਰਗੱਦੀ ਗੁਰੂ ਹਰਿਰਾਏ ਜੀ ਨੂੰ ਮਿਲੀ ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਅਤੇ ਗੁਰੂ ਤੇਗ ਬਹਾਦਰ ਜੀ ਦੇ ਭਤੀਜੇ ਲਗਦੇ ਸਨ। ਗੁਰੂ ਹਰਿਰਾਏ ਜੀ ਤੋਂ ਬਾਅਦ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਗੱਦੀ ’ਤੇ ਬੈਠੇ ਜੋ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਲਗਦੇ ਸਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਦਿੱਲੀ ਵਿਖੇ ਜੋਤੀ ਜੋਤ ਸਮਾਉਣ ਮੌਕੇ ਗੱਦੀ ਦੇ ਅਗਲੇ ਵਾਰਿਸ ਵਜੋਂ ਬਾਬਾ ਬਕਾਲੇ ਦਾ ਸੰਕੇਤ ਦਿੱਤਾ ਸੀ। ਜਿਸ ਕਰਕੇ ਭਾਈ ਮੱਖਣ ਸ਼ਾਹ ਲੁਬਾਣਾ ਨੇ ਗੁਰੂ ਜੀ ਨੂੰ ਪ੍ਰਗਟ ਕੀਤਾ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ ਬਣੇ।ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵੱਡਾ ਭਤੀਜਾ ਧੀਰ ਮੱਲ ਬਹੁਤ ਈਰਖਾਲੂ ਸੀ ਤੇ ਉਸ ਨੇ ਗੁਰੂ ਜੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਜਦੋਂ ਗੁਰਗੱਦੀ ’ਤੇ ਬਿਰਾਜਮਾਨ ਹੋਏ ਤਾਂ ਨਫ਼ਰਤ ਨਾਲ ਭਰੇ ਹੋਏ ਧੀਰ ਮੱਲ ਨੇ ਸ਼ੀਹਾਂ ਮਸੰਦ ਕੋਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ’ਤੇ ਗੋਲੀ ਚਲਵਾ ਦਿੱਤੀ ਅਤੇ ਗੁਰੂ ਜੀ ਦੀ ਜਾਇਦਾਦ ਨੂੰ ਲੁੱਟ ਲਿਆ ਗਿਆ। ਜਦੋਂ ਇਸ ਗੱਲ ਦਾ ਮੱਖਣ ਸ਼ਾਹ ਲੁਬਾਣਾ ਨੂੰ ਪਤਾ ਲੱਗਾ ਤਾਂ ਉਨ੍ਹਾਂ ਧੀਰ ਮੱਲ ਤੇ ਉਸ ਦੇ ਬੰਦਿਆਂ ਦੀ ਖੂਬ ਭੁਗਤ ਸਵਾਰੀ ਅਤੇ ਸਾਰਾ ਸਮਾਨ ਉਥੋਂ ਵਾਪਸ ਲੈ ਆਏ

**ਬਾਕੀ ਪੰਨਾ ਨੰ. 3 ’ਤੇ ਪੜ੍ਹੋ**




## ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਨੇ ਐਡਵੋਕੇਟ ਧਾਮੀ ਨਾਲ ਕੀਤੀ ਮੁਲਾਕਾਤ

ਸ੍ਰੀ ਅੰਮ੍ਰਿਤਸਰ-ਬੀਤੇ ਕੱਲ੍ਹ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ ਦੀ ਅਗਵਾਈ ਹੇਠ ਇਕ ਵਫ਼ਦ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਕੀਤੇ ਜਾਣ ਵਾਲੇ ਸਮਾਗਮਾਂ ਬਾਰੇ ਵਿਚਾਰ-ਚਰਚਾ ਕੀਤੀ। ਵਫ਼ਦ ਨੇ ਐਡਵੋਕੇਟ ਧਾਮੀ ਨੂੰ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ 31 ਅਗਸਤ ਨੂੰ ਸਜਾਏ ਜਾ ਰਹੇ ਨਗਰ ਕੀਰਤਨ ਵਿਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਅਤੇ ਸਿੱਖ ਸੰਸਥਾ ਵੱਲੋਂ ਸਹਿਯੋਗ ਦੀ ਅਪੀਲ ਕੀਤੀ।ਇਸ ਵਫ਼ਦ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ, ਸਿੱਖ ਆਗੂ ਸ. ਜਸਬੀਰ ਸਿੰਘ ਧਾਮ ਮੁੰਬਈ, ਜਨਰਲ ਸਕੱਤਰ ਸ. ਇੰਦਰਜੀਤ ਸਿੰਘ ਅਤੇ ਮੀਤ ਪ੍ਰਧਾਨ ਸ. ਗੁਰਵਿੰਦਰ ਸਿੰਘ ਮੌਜੂਦ ਸਨ।ਮੁਲਾਕਾਤ ਦੌਰਾਨ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਪਟਨਾ ਸਾਹਿਬ ਤੋਂ 31 ਅਗਸਤ ਨੂੰ ਵਿਸ਼ੇਸ਼ ਤੌਰ ’ਤੇ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ, ਜੋ ਝਾੜਖੰਡ, ਬੰਗਾਲ, ਕਲਕੱਤਾ, ਆਸਣਸੋਹਲ, ਉੜੀਸਾ, ਬਨਾਰਸ, ਕਾਨ੍ਹਪੁਰ, ਲਖਨਊ, ਉਤਰਾਖੰਡ, ਦਿੱਲੀ ਅਤੇ ਹਰਿਆਣਾ ਰਾਹੀਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੇਗਾ। ਉਨ੍ਹਾਂ ਕਿਹਾ ਕਿ ਅੱਜ ਉਹ ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਜਿਥੇ ਸ਼ਮੂਲੀਅਤ ਲਈ ਬੇਨਤੀ ਕਰਨ ਆਏ ਹਨ, ਉਥੇ ਹੀ ਉਨ੍ਹਾਂ ਨੇ ਸਿੱਖ ਸੰਸਥਾ ਵੱਲੋਂ ਸਹਿਯੋਗ ਲਈ ਵੀ ਅਪੀਲ ਕੀਤੀ ਹੈ।ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਕੌਮੀ ਜਾਹੋ-ਜਲਾਲ ਨਾਲ ਮਨਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਸਜਾਏ ਜਾ ਰਹੇ ਨਗਰ ਕੀਰਤਨ ਲਈ ਹਰ ਤਰ੍ਹਾਂ ਦੇਵੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਆਗੂਆਂ ਨੂੰ ਸਨਮਾਨਿਤ ਵੀ ਕੀਤਾ।

## ਸ਼ਰਤ ਨਹੀਂ ਕੇਵਲ ਸਮਰਪਣ



ਕੁਝ ਵਰ੍ਹੇ ਸਿਮਰਨ ਵਿੱਚ ਧਿਆਨ ਲੱਗਣ ਤੋਂ ਬਾਅਦ ਇੱਕਾ-ਇੱਕ ਧਿਆਨ ਉਖੱੜਨ ਲੱਗ ਪਿਆ। ਜੋ ਸਵਾਦ ਪਹਿਲਾਂ ਆਇਆ ਕਰਦਾ ਸੀ, ਉਹ ਛੁੜਕ ਗਿਆ। ਇਕ ਅਜੀਬ ਜਿਹੀ ਬੇਚੈਨੀ ਪ੍ਰਤੀਤ ਹੋਣ ਲੱਗੀ । ਜਿਨ੍ਹਾਂ ਪਾਸੋਂ ਸਿਮਰਨ ਦੀ ਦਾਤ ਪ੍ਰਾਪਤ ਹੋਈ ਸੀ, ਉਹ ਚੋਲਾ ਤਿਆਗ ਗਏ ਸਨ। ਕਿਸ ਪਾਸੋਂ ਸਹਾਇਤਾ ਮੰਗਣ ਜਾਵਾਂ ?”

ਤਦ ਇਕ ਦਿਨ ਇਕਨਾ ਸੰਤਾਂ ਨਾਲ ਮੇਲ ਹੋ ਗਿਆ । ਉਨ੍ਹਾਂ ਨੂੰ ਸਨਿਮਰ ਹੋ ਕੇ ਪੁੱਛਿਆ, “ਮਹਾਰਾਜ, ਮੇਰਾ ਸਿਮਰਨ ਵਿੱਚ ਧਿਆਨ ਲੱਗਣੋਂ ਹਟ ਗਿਆ ਹੈ । ਕੋਈ ਰਾਹ ਦੱਸੋ ਮੁੜ ਸਿਮਰਨ ਵਿੱਚ ਧਿਆਨ ਲੱਗ ਪਵੇ।” ਆਖਣ ਲੱਗੇ, “ਜਾਪ ਸਾਹਿਬ ਦਾ ਪਾਠ ਕਰਿਆ ਕਰੋ ।” ਮੈਂ ਕਿਹਾ, “ਉਹ ਤਾਂ ਮੈਂ ਰੋਜ਼ ਕਰਦਾ ਹਾਂ।” ਕਹਿਣ ਲੱਗੇ, “ਇਕ ਹੋਰ ਕਰ ਲਿਆ ਕਰੋ।” ਮੈਂ ਕੋਸ਼ਿਸ਼ ਕੀਤੀ, ਪਰ ਦੂਜੀ ਵਾਰ ਜਾਪ ਸਾਹਿਬ ਦਾ ਪਾਠ ਕਰਨ ਲੱਗਿਆਂ ਧਿਆਨ ਉਸ ਪਾਠ ਵਿੱਚ ਵੀ ਨਾ ਲੱਗੇ ।


ਇਕਾ ਇਕ ਸੰਤ ਪੰਡਿਤ ਨਿਸ਼ਚਲ ਸਿੰਘ ਜੀ ਜਗਾਧਰੀ ਵਾਲਿਆਂ ਨਾਲ ਮੁਲਾਕਾਤ ਹੋ ਗਈ । ਉਨ੍ਹਾਂ ਨੂੰ ਵੀ ਮੈਂ ਉਹੀ ਪ੍ਰਸ਼ਨ ਪਾਇਆ, "ਜੇ ਸਿਮਰਨ ਵਿੱਚ ਧਿਆਨ ਲੱਗਣੋਂ ਹਟ ਜਾਏ ਤਾਂ ਕੀ ਕਰਨਾ ਚਾਹੀਦਾ ਹੈ?” ਹੱਸ ਪਏ ਤੇ ਮੇਰੀ ਪਿੱਠ 'ਤੇ ਹੱਥ ਫੇਰਦਿਆਂ ਆਖਣ ਲੱਗੇ, "ਸਿਮਰਨ ਵਿੱਚ ਲੱਗੇ ਰਹੋ, ਘਾਲ ਨਾ ਛੋੜੋ । ਪਿੱਛੋਂ ਜਾ ਕੇ ਤੁਹਾਨੂੰ ਪਤਾ ਚੱਲੇਗਾ ਕਿ ਜਦ ਧਿਆਨ ਨਹੀਂ ਵੀ ਸੀ ਲੱਗ ਰਿਹਾ, ਤਾਂ ਵੀ ਕੁਝ ਹੋ ਰਿਹਾ ਸੀ । ਕਰਤਾ ਪੁਰਖ ਦੀ ਮਿਹਰ ਲਈ ਅਸੀਂ ਕੋਈ ਸ਼ਰਤ ਨਹੀਂ ਰੱਖ ਸਕਦੇ, ਕੇਵਲ ਸਮਰਪਣ ਦਰਕਾਰ ਹੈ।” (1974)

ਡਾ. ਜਸਵੰਤ ਸਿੰਘ ਨੇਕੀ (ਗੁਰਪੁਰਵਾਸੀ)

# ਲੇਖ ਅਤੇ ਖਬਰਾਂ

## ਪਰਿਵਾਰਕ ਜੀਵਨ

-ਗਿਆਨੀ ਜਸਵੰਤ ਸਿੰਘ ਪ੍ਰਵਾਨਾ



ਸੰਸਾਰ ਦਰਸ਼ਨ ਤੋਂ ਪ੍ਰੇਰਨਾ ਮਿਲਦੀ ਹੈ ਕਿ ਸੰਸਾਰ ਪ੍ਰਮਾਤਮਾ ਦਾ ਪਰਛਾਵਾਂ ਹੈ। ਪਰਛਾਵੇਂ ਮਗਰ ਭਟਕਨ ਦੀ ਬਜਾਏ ਪਰਛਾਵੇਂ ਵਾਲੇ ਦੀ ਖੋਜ ਕੀਤੀ ਜਾਵੇ । ਇਕੱਲਾ ਪਰਛਾਵਾਂ ਨਹੀਂ ਹੁੰਦਾ । ਤੀਸਰਾ 'ਪਰਿਵਾਰਕ ਜੀਵਨ' ਹੀ ਮਨੁੱਖਤਾ ਦੀ ਕਲਿਆਨ ਕਰ ਸਕਦਾ ਹੈ । ਬਾਕੀ ਨਾ ਗ਼ੁਲਾਮਾਂ ਦਾ ਸਿਲਸਿਲਾ ਚਾਹੀਦਾ ਹੈ- ਨਾ ਹੀ ਜੰਗਲੀ ਜੀਵਨ- ਨਾ ਹੀ ਪਰਿਵਾਰ ਦਾ ਤਿਆਗੀ, ਸਗੋਂ ਗੁਰੂ ਦੀ ਮਤਿ ਅਨੁਸਾਰ ਇਹ ਲਖਿਆ ਜਾਏ : ਸੁਚੱਜਾ ਪਿਤਾ- ਚੰਗਾ ਪੁੱਤਰ- ਚੰਗਾ ਭਰਾ- ਚੰਗੀ ਮਾਤਾ- ਚੰਗੀ ਧੀ- ਚੰਗੀ ਭੈਣ ਕਿਵੇਂ ਬਣਨਾ ਹੈ । ਐਸਾ ਪਰਿਵਾਰ ਜੰਜਾਲ ਨਹੀਂ ਹੋਵੇਗਾ-ਇਕ ਸਤਿਸੰਗ ਹੋਵੇਗਾ ।...

## ਸਿੱਖਾਂ ਦਾ ਉਪਕਾਰ

ਸ: ਹਰਿੰਦਰ ਸਿੰਘ ਰੂਪ

ਸਿੱਖਾਂ ਦਾ ਨਿਰਾ ਇਹੀ ਉਪਕਾਰ ਨਹੀਂ ਕਿ ਓਹਨਾਂ ਸਾਰੇ ਹਿੰਦ ਨੂੰ, ਖ਼ੂਨੀ ਲੁਟੇਰਿਆਂ ਤੋਂ, ਜਿੰਦਾਂ ਹੂਲ ਕੇ ਬਚਾਇਆ। ਸਿੱਖ ਨਿਰੇ ਜੋਧੇ ਹੀ ਨਹੀਂ, ਸਗੋਂ ਏਹਨਾਂ ਨੇ ਕਈ ਤਰ੍ਹਾਂ ਨਾਲ ਦੇਸ ਵਾਸੀਆਂ ਨੂੰ ਜੀਵਨ-ਜਾਚ ਸਿਖਾਈ ।ਸਭ ਤੋਂ ਪਹਿਲਾਂ, ਗੁਰੂ ਸਾਹਿਬਾਨ ਨੇ ਦੇਸ ਦੀ ਹਾਲਤ ਦੇਖਦਿਆਂ ਸੁਭਾ ਉਸਾਰੀ ਵੱਲ ਖਿਆਲ ਕੀਤਾ । ਇਨਸਾਨ ਨੂੰ ਇਨਸਾਨ ਬਣਾਉਣਾ ਚਾਹਿਆ। "ਸੁਣਿਐ ਅੰਧੇ ਪਾਵਹਿ ਰਾਹੁ" ਵਾਲੀ ਗੱਲ ਹੋਈ। ਰੋਜ਼ ਦੋ ਵੇਲੇ ਦੀਵਾਨ ਸਜਦੇ ਤੇ ਸੰਗਤਾਂ ਉਪਦੇਸ਼ ਲੈਣ ਲੱਗੀਆਂ । ਏਸ ਤਰ੍ਹਾਂ ਹਰ ਵਰਨ ਦੇ ਲੋਕ ਇਕੱਠੇ ਬਹਿਣ ਲੱਗੇ। ਮੁਸਲਮਾਨ ਵੀ ਆ ਜਾਂਦੇ ਸਨ, ਇਹ ਗਲ 'ਤੜਕਿ-ਜਹਾਂਗੀਰੀ' ਵਿਚ ਬਾਦਸ਼ਾਹ ਆਪ ਲਿਖਦਾ ਹੈ । ਮੁਕਦੀ ਗੱਲ, ਗੁਰੂਆਂ ਮਿਲ ਕੇ ਬਹਿਣਾ ਸਿਖਾਇਆ । ਵਾਕ ਵੀ ਹੈ :- 'ਮਿਲਬੇ ਕੀ ਮਹਿਮਾ ਬਰਨਿ ਨ ਸਾਕਉ'

**ਬਾਕੀ ਪੰਨਾ ਨੰ. 5 'ਤੇ ਪੜ੍ਹੋ**

## ਰਮਜ਼ ਤੇ ਰਹੱਸ.

.........ਗਿਆਨੀ ਸੰਤ ਸਿੰਘ ਜੀ ਮਸਕੀਨ

ਪ੍ਰਕਿਰਤੀ ਫਲਾਂ ਨੂੰ ਛਿਲਕਿਆਂ ਵਿਚ ਲਪੇਟ ਕੇ ਪੇਸ਼ ਕਰਦੀ ਹੈ।ਛਿਲਕਿਆਂ ਨੂੰ ਉਘਾੜ ਕੇ ਫਲ ਦੀ ਪ੍ਰਾਪਤੀ ਹੁੰਦੀ ਹੈ, ਜਿਵੇਂ ਕਿ ਬਦਾਮ, ਅਖਰੋਟ, ਪਿਸਤਾ, ਕੇਲਾ, ਸੰਤਰਾ ਆਦਿਕ ਦੀ ਛਿੱਲੜ ਲਾਹ ਕੇ ਫਲ ਨੂੰ ਖਾਈਦਾ ਹੈ। ਪਸ਼ੂਆਂ ਨੂੰ ਬੋਧ ਨਾ ਹੋਣ ਕਰਕੇ ਉਹ ਫਲਾਂ ਨੂੰ ਛਿਲਕਿਆਂ ਸਮੇਤ ਹੀ ਮੂੰਹ ਵਿਚ ਪਾ ਲੈਂਦੇ ਹਨ। ਮਹਾਂਪੁਰਸ਼, ਅਵਤਾਰੀ ਆਤਮਾਵਾਂ ਅਕਸਰ ਆਪਣੇ ਬਚਨਾਂ ਨੂੰ ਰਹੱਸ ਤੇ ਰਮਜ਼ ਵਿਚ ਬਿਆਨ ਕਰਦੇ ਹਨ। ਰਹੱਸ ਨੂੰ ਖੋਲ੍ਹਣ ਦੀ ਜਾਚ ਨਾ ਆਵੇ, ਰਮਜ਼ ਦੀ ਸਮਝ ਨਾ ਆਵੇ ਤਾਂ ਬਚਨਾਂ ਦੇ ਵਿੱਚੋਂ ਤੱਤ ਵਸਤੂਆਂ ਦੀ ਪ੍ਰਾਪਤੀ ਕਰਨੀ ਕਠਿਨ ਹੋ ਜਾਂਦੀ ਹੈ। ਆਦਿ ਤੇ ਜੰਗਲੀ ਮਨੁੱਖ ਛਿਲਕਿਆਂ ਸਮੇਤ ਫਲ ਖਾ ਲੈਂਦੇ ਸਨ। ਸੱਭਿਅਤਾ ਦੇ ਵਿਕਾਸ ਨਾਲ ਮਨੁੱਖ ਛਿਲਕਿਆਂ ਨੂੰ ਸੁੱਟ, ਗਿਰੀ-ਰਸ ਪ੍ਰਾਪਤ ਕਰਨ ਵਿਚ ਸਫਲ ਹੋਏ ਹਨ। ਰਹੱਸ ਨੂੰ ਖੋਲ੍ਹਣ ਦੀ ਜਾਚ ਨਾ ਆਵੇ ਤਾਂ ਸ਼ਬਦ 'ਚੋਂ ਅੰਮ੍ਰਿਤ-ਰਸ ਪ੍ਰਾਪਤ ਕਰਨਾ ਕਠਿਨ ਹੋ ਜਾਂਦਾ ਹੈ।ਗੁਰੂ ਦੀ ਰਮਜ਼ ਤੇ ਰਹੱਸ ਨੂੰ ਗੁਰਦੇਵ ਆਪ ਹੀ ਜਾਣਦੇ ਹਨ।...




ਭੰਗੀਆਂ ਦੀ ਮਿਸਲ ਵਿਚ ਸਰਦਾਰ ਝੰਡਾ ਸਿੰਘ ਬੜਾ ਸੂਰਮਾ, ਪ੍ਰਾਕਰਮੀ, ਪਰਤਾਪਵਾਨ ਤੇ ਤੇਜਸਵੀ ਯੋਧਾ ਸੀ। ਆਪਣੇ ਪਿਤਾ ਹਰੀ ਸਿੰਘ ਦੀ ਥਾਂ ਇਸਨੂੰ ਜਥੇਦਾਰੀ ਮਿਲੀ। ਇਹਦੇ ਸਮੇਂ ਵਿਚ ਇਸ ਮਿਸਲ ਨੇ ਬੜੀਆਂ ਮੱਲਾਂ ਮਾਰੀਆਂ। ਮੁਲਤਾਨ ਡੇਰਾ ਜਾਤ ਤੇ ਦੂਜੇ ਪਾਸੇ ਜੰਮੂ ਤੇ ਜਮਨਾ ਤਕ ਦਾ ਇਲਾਕਾ ਇਨ੍ਹਾਂ ਦੇ ਘੋੜਿਆਂ ਨੇ ਟਾਪਾਂ ਨਾਲ ਗਾਹਿਆ। ਗੁਜਰਾਂਵਾਲੇ ਦੇ ਜ਼ਿਲੇ ਵਿਚ ਚੱਠੇ ਇਕ ਬੜੀ ਸਖਤ ਕੌਮ ਸੀ। ਰਾਮਗੜ੍ਹ ਇਨਾਂ ਨੇ ਆਪਣੀ ਰਾਜਧਾਨੀ ਬਣਾ ਕੇ ਦੂਰ ਨੇੜੇ ਦੇ ਇਲਾਕੇ ਵਿਚ ਲੁੱਟ ਮਾਰ ਸ਼ੁਰੂ ਕਰ ਰਖੀ ਸੀ। ਸਿੰਘਾਂ ਨਾਲ ਵੀ ਇਨਾਂ ਦੇ ਟਾਕਰੇ ਹੋ ਜਾਂਦੇ ਸਨ, ਜਿਨਾਂ ਵਿਚ ਕਦੇ ਇਕ ਧਿਰ ਉੱਚੀ ਹੋ ਜਾਂਦੀ ਸੀ ਤੇ ਕਦੇ ਦੂਜੀ। ਝੰਡਾ ਸਿੰਘ ਦਾ ਐਸ਼ਵਰਯ ਤੇ ਪ੍ਰਤਾਪ ਵਧਦਾ ਵੇਖਕੇ ਚੱਠਾ ਚਮਕੇ ਸਰਦਾਰ ਨੇ ਇਨਾਂ ਨੂੰ ਆਪਣੀ ਥਾ 'ਤੇ ਸ਼ਾਂਤ ਰਹਿਣ ਦੀ ਸਲਾਹ ਦਿਤੀ, ਪ੍ਰੰਤੂ ਜਦ ਕਿਸੇ ਦੇ ਦਿਨ ਪੁਠੇ ਆ ਜਾਣ ਤਦ ਕੁਦਰਤ ਡਾਂਗ ਫੜਕੇ ਉਹਦੇ ਸਿਰ ਵਿਚ ਨਹੀ ਮਾਰਦੀ ਤੇ ਨਾ ਹੀ ਜਿਸਦੇ ਭਾਗ ਸਵੱਲੇ ਹੋਣ ਉਹਨੂੰ ਛਤ ਪਾੜਕੇ ਕੁਛ ਦੇ ਜਾਂਦੀ ਹੈ। ਮੰਦੇ ਤੇ ਚੰਗੇ ਸਮੇਂ ਵੇਲੇ ਮਨੁੱਖ ਦੀ ਬੁਧੀ ਹੀ ਅਜਹੀ ਬਦਲ ਜਾਂਦੀ ਹੈ ਕਿ ਓਹ ਤਮਾਮ ਕੰਮ ਹੀ ਉਜਹੇ ਕਰਦਾ ਹੈ ਜਿਸ ਤੋਂ ਉਸਨੂੰ ਡੰਡ ਸਜ਼ਾ, ਜਾਂ ਲਾਭ ਤੇ ਸੁਖ ਪ੍ਰਾਪਤ ਹੋਵੇ। ਚੱਠਿਆਂ ਨੂੰ ਆਪਣੀ ਬਹੁਗਿਣਤੀ 'ਤੇ ਮਾਣ ਸੀ ਤੇ ਤੋਪਾਂ ਤੇ ਤੀਰਾਂ ਦੇ ਬਲ ਨੇ ਉਨਾਂ ਦੇ ਦਿਮਾਗ਼ ਆਕਾਸ਼ ਤੇ ਚੜ੍ਹਾ ਰਖੇ ਸਨ। ਉਹ ਸਰਦਾਰ ਝੰਡਾ ਸਿੰਘ ਦੀ ਗੱਲ ਨੂੰ ਕਦ ਸੁਣਦੇ ਸੀ ? ਜੰਗ ਦਾ ਅਲਟੀਮੇਟਮ ਦੇ ਦਿਤਾ। ਸਰਦਾਰ ਝੰਡਾ ਸਿੰਘ ਨੇ ਇਸ ਨਿਮੰਤਰਨ ਨੂੰ ਪ੍ਰਵਾਨ ਕਰ ਲਿਆ। ਆਪਣੇ ਸਾਥੀਆਂ ਨੂੰ ਨਾਲ ਲੈ ਕੇ ਚੱਠਿਆਂ ਦੇ ਕੂਚ ਕਰਨ ਤੋਂ ਪਹਿਲਾਂ ਹੀ ਰਾਮ ਨਗਰ ਦੇ ਲਾਗੇ ਜਾ ਡੇਰੇ ਲਾਏ, ਚੱਠੇ ਤਾਂ ਅੱਗੇ ਤਯਾਰ ਹੀ ਸਨ। ਜੋ ਪਗ ਬੰਨ੍ਹ ਨਾਮ ਦਾ ਚੱਠਾ ਸੀ, ਰਾਮ ਨਗਰ ਪੁਜ ਗਿਆ। ਆਪਣੇ ਵੈਰ ਵਿਰੋਧ ਭੁਲਾ ਕੇ ਸਾਰੇ ਆ ਗਏ, ਚੱਠਿਆਂ ਦੇ ਇਕ ਆਸ਼ੇ ਲਈ ਇਕ ਝੰਡੇ ਹੇਠ ਵੈਰ ਵਿਰੋਧ ਭੁਲਾ ਕੇ ਇਸ ਮੈਦਾਨ ਵਿਚ ਆ ਜੁੜਨ ਦੇ ਏਕੇ ਨੂੰ ਵੇਖਕੇ ਲੋਕੀ ਦੰਗ ਰਹਿ ਗਏ। * ਸਬ ਤੋਂ ਅੱਗੇ ਚੱਠਿਆਂ ਨੇ 'ਜ਼ਮ ਜ਼ਮਾ ** ਤੋਪ ਬੀੜੀ, ਉਸਦੇ ਨਾਲ ਸਜੇ ਖਬੇ ਹੋਰ ਤੋਪ ਰੱਖੀਆਂ, ਇਨਾਂ ਦੇ ਪਿਛੇ ਬੰਦੂਕਚੀ ਸਨ, ਫਿਰ ਤਲਵਾਰੀਏ, ਤੀਰ ਅੰਦਾਜ਼ ਇਨ੍ਹਾਂ ਤੋਂ ਪਿਛੇ ਘੁੜ ਸਵਾਰ ਸਨ। ਸਿੱਖਾਂ ਦੇ ਪਾਸ ਤੋਪਾਂ ਨਹੀ ਸਨ। ਇਨਾਂ ਪਾਸ ਬੰਦੂਕਾਂ ਤੇ ਤੀਰ ਸਨ ਤੇ ਖਾਲਸੇ ਦਾ ਮਖ਼ਸੂਸ ਹਥਿਆਰ ਤਲਵਾਰ ਸੀ, ਜਿਸ ਪੁਰ ਖਾਲਸੇ ਨੇ ਵਾਹਿਗੁਰੂ ਤੇ ਗੁਰੂ ਤੋਂ ਪਿਛੇ ਸਦੀਵ ਭਰੋਸਾ ਰਖਿਆ ਹੈ। * ਚਠੇ, ਖਾਣ ਪੀਣ ਨੂੰ ਵਖੋ ਵਖ ਤੇ ਲੜਨ ਭਿੜਨ ਨੂੰ ਕੱਠੇ, ਦੀ ਕਹਾਵਤ ਇਸੇ ਜੰਗ ਸਮੇਂ ਬਾਣੀ ਜਾਪਦੀ ਹੈ। -ਲੇਖਕ ** ਅਹਿਮਦ ਸ਼ਾਹ ਨੇ ਹਿੰਦੂਆਂ ਦੇ ਘਰਾਂ 'ਤੇ ਪਿੱਤਲ ਦੇ ਬਰਤਨ ਲੁਟ ਕੇ ਲਾਹੌਰ ਦੇ ਮਸ਼ਹੂਰ ਕਾਰੀਗਰ ਸ਼ਾਹ ਨਜ਼ੀਰ ਪਾਸੋਂ ੧੭੫੭ ਵਿੱਚ ਇਹ ਤੋਪ ਬਣਵਾਈ ਸੀ। ਇਹ ਸਾਢੇ ਚੌਦਾਂ ਫੁੱਟ ਲੰਬੀ ਤੇ ਇਹਦਾ ਮੂੰਹ ਸਾਢੇ ਨੌ ਇੰਚ ਹੈ। ਇਹ ਤੋਪ ਅਜਕਲ ਲਾਹੌਰ ਪੰਜਾਬ ਯੂਨੀਵਰਸਿਟੀ ਦੀ ਇਮਾਰਤ ਦੇ ਲਾਗੇ ਅਜਾਇਬ ਘਰ ਦੇ ਸਾਮ੍ਹਣੇ ਰੱਖੀ ਹੋਈ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ

## ਧਰਮ ਹੇਤ ਸਾਕਾ ਜਿਨ ਕੀਆ

ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧੀਰ ਮੱਲ ਨੂੰ ਮੁਆਫ਼ ਕਰ ਦਿੱਤਾ ਅਤੇ ਉਸ ਦੀ ਨਿੱਜੀ ਜਾਇਦਾਦ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਉਨ੍ਹਾਂ ਦੇ ਹਵਾਲੇ ਕਰ ਦਿੱਤੀ। ਆਪ ਜੀ ਨੇ ਧਰਮ ਦਾ ਪ੍ਰਚਾਰ ਕਰਨ ਲਈ ਪੰਜਾਬ ਦੇ ਮਾਲਵਾ ਇਲਾਕੇ ਅਤੇ ਅਸਾਮ ਤੇ ਢਾਕਾ ਵੱਲ ਦੇ ਇਲਾਕਿਆਂ ਦੀ ਯਾਤਰਾ ਕੀਤੀ ਤੇ ਕਾਫੀ ਸਮਾਂ ਬਿਹਾਰ ਵਿਚ ਪਟਨਾ ਸਾਹਿਬ ਵਿਖੇ ਵੀ ਰਹੇ। ਇਥੇ ਹੀ ਆਪ ਜੀ ਦੇ ਘਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਇਹ ਉਹ ਸਮਾਂ ਸੀ ਜਦੋਂ ਔਰੰਗਜ਼ੇਬ ਦੇ ਹਿੰਦੂਆਂ 'ਤੇ ਜ਼ੁਲਮ ਬਹੁਤ ਜ਼ਿਆਦਾ ਵਧ ਗਏ ਸਨ। ਉਹ ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਨਾਲ ਧਰਮ ਪਰਿਵਰਤਨ ਕਰਨ ਲਈ ਮਜ਼ਬੂਰ ਕਰਦਾ ਸੀ। ਕਸ਼ਮੀਰ ਵਿਚ ਹਿੰਦੂਆਂ 'ਤੇ ਔਰੰਗਜ਼ੇਬ ਦੇ ਪ੍ਰਤੀਨਿਧੀ ਸ਼ੇਰ ਅਫ਼ਗਾਨ ਖ਼ਾਨ ਨੇ ਬਹੁਤ ਜ਼ੁਲਮ ਢਾਹੇ। ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂਆਂ ਨੂੰ ਕਤਲ ਕਰ ਦਿੱਤਾ ਗਿਆ। ਮੰਦਰ ਢਾਹ ਦਿੱਤੇ ਗਏ ਤੇ ਗਊਆਂ ਨੂੰ ਕਤਲ ਕਰਵਾਕੇ ਉਨ੍ਹਾਂ ਦਾ ਮਾਸ ਖੂਹਾਂ ਵਿਚ ਸੁੱਟਵਾਇਆ ਗਿਆ। ਹੋਰ ਅਨੇਕਾਂ ਤਰ੍ਹਾਂ ਦੇ ਅਤਿਆਚਾਰ ਹਿੰਦੂਆਂ 'ਤੇ ਹੋਏ ਤਾਂ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਕਸ਼ਮੀਰੀ ਪੰਡਿਤਾਂ ਦਾ ਇਕ ਵਫ਼ਦ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚਿਆ ਅਤੇ ਆਪਣੇ ਧਰਮ ਦੀ ਰਾਖੀ ਕਰਨ ਦੀ ਬੇਨਤੀ ਕੀਤੀ। ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਉਹ ਔਰੰਗਜ਼ੇਬ ਨੂੰ ਜਾ ਕੇ ਕਹਿ ਦੇਣ ਕਿ ਜੇਕਰ ਉਹ ਗੁਰੂ ਤੇਗ ਬਹਾਦਰ ਜੀ ਨੂੰ ਮੁਸਲਮਾਨ ਬਣਾ ਲੈਂਦਾ ਹੈ ਤਾਂ ਸਾਰੇ ਹੀ ਹਿੰਦੂ ਖੁਸ਼ੀ-ਖੁਸ਼ੀ ਆਪਣਾ ਧਰਮ ਪਰਿਵਰਤਨ ਕਰ ਲੈਣਗੇ ਇਸ ਲਈ ਬੇਦੋਸ਼ਿਆਂ ਦਾ ਲਹੂ ਨਾਲ ਡੋਲਿਆ ਜਾਵੇ।ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਗੱਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪ ਕੇ ਆਪ ਸ਼ਹੀਦੀ ਪ੍ਰਾਪਤ ਕਰਨ ਲਈ ਦਿੱਲੀ ਵੱਲ ਚਲੇ ਗਏ। ਗੁਰੂ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਨਾਲ ਆਏ ਸਿੱਖਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ, ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜਿਆ ਗਿਆ ਅਤੇ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਵਿਚ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸਭ ਗੁਰੂ ਜੀ ਨੂੰ ਡਰਾਉਣ ਲਈ ਕੀਤਾ ਗਿਆ, ਪਰ ਗੁਰੂ ਜੀ ਨਿਰਭੈ ਸਨ। ਅਖ਼ੀਰ ਔਰੰਗਜ਼ੇਬ ਨੇ ਜਦੋਂ ਪੂਰਾ ਜ਼ੋਰ ਲਾਇਆ ਕਿ ਗੁਰੂ ਜੀ ਧਰਮ ਪਰਿਵਰਤਨ ਕਰ ਲੈਣ, ਪਰ ਗੁਰੂ ਜੀ ਨਾ ਮੰਨੇ ਤਾਂ ਉਸ ਨੇ ਗੁਰੂ ਜੀ ਨੂੰ ਸ਼ਹੀਦ ਕਰਵਾ ਦਿੱਤਾ। ਦਿੱਲੀ ਦੇ ਚਾਂਦਨੀ ਚੌਂਕ ਵਿਚ ਜਿਸ ਥਾਂ 'ਤੇ ਗੁਰਦੁਆਰਾ ਸੀਸਗੰਜ ਸਾਹਿਬ ਬਣਿਆ ਹੋਇਆ ਹੈ ਉਥੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ਅਤੇ ਔਰੰਗਜ਼ੇਬ ਨੇ ਆਪਣੇ ਸਿਪਾਹੀਆਂ ਨੂੰ ਸਖ਼ਤੀ ਨਾਲ ਤਾਕੀਦ ਕੀਤੀ ਕਿ ਉਨ੍ਹਾਂ ਦੇ ਸੀਸ ਨੂੰ ਕੋਈ ਚੁਕ ਕੇ ਨਾ ਲੈ ਜਾਵੇ। ਪਹਿਰਾ ਬਿਠਾ ਦਿੱਤਾ ਗਿਆ ਸੀ, ਪਰ ਫੇਰ ਵੀ ਭਾਈ ਜੈਤਾ ਜੀ ਗੁਰੂ ਜੀ ਦਾ ਪਵਿੱਤਰ ਸੀਸ ਚੁਕ ਕੇ ਸਤਿਕਾਰ ਸਹਿਤ ਸ੍ਰੀ ਆਨੰਦਪੁਰ ਸਾਹਿਬ ਲੈ ਆਏ ਅਤੇ ਲੱਖੀ ਸ਼ਾਹ ਵਣਜਾਰਾ ਗੁਰੂ ਜੀ ਦੇ ਪਵਿੱਤਰ ਸਰੀਰ ਨੂੰ ਆਪਣੇ ਘਰੇ ਲੈ ਗਏ ਅਤੇ ਆਪਣੇ ਘਰ ਨੂੰ ਅੱਗ ਲਗਾਕੇ ਗੁਰੂ ਜੀ ਦਾ ਅੰਤਿਮ ਸਸਕਾਰ ਕਰ ਦਿੱਤਾ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੀ ਦੀ ਸ਼ਹਾਦਤ ਬਾਰੇ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਵਰਣਨ ਕੀਤਾ ਹੈ:-"ਧਰਮ ਹੇਤ ਸਾਕਾ ਜਿਨ ਕੀਆ॥ ਸੀਸ ਦੀਆ ਪਰ ਸਿਰਰੁ ਨਾ ਦੀਆ॥"

## { ਪਹਿਲੇ ਪੰਨੇ ਦਾ ਬਾਕੀ }

# ਭਾਦੁਇ ਭਰਮ ਭੁਲਾਣੀਆ

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥੭॥ (ਅੰਗ ੧੩੪)

ਸ਼ਹੀਦਾਂ ਦੇ ਸਿਰਤਾਜ, ਬਾਣੀ ਕੇ ਬੋਹਿਥ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਰਹ ਮਾਹਾ ਮਾਝ ਦੀ ਇਸ ਪਾਵਨ ਪਉੜੀ ਵਿਚ ਭਾਦਰੋਂ ਮਹੀਨੇ ਦੀ ਰੁੱਤ ਅਤੇ ਇਸ ਦੇ ਮਨੁੱਖ-ਮਾਤਰ ਅਤੇ ਜੀਵ-ਜਗਤ ਉੱਪਰ ਅਸਰ ਦੇ ਸੰਬੰਧ ਵਿਚ ਮਨੁੱਖਾ ਜੀਵ-ਇਸਤਰੀ ਨੂੰ ਸਰੀਰ ਦੀ ਨਾਸ਼ਮਾਨਤਾ ਤੇ ਸੰਸਾਰਿਕ ਰਿਸ਼ਤਿਆਂ ਦੀ ਅਸਥਿਰਤਾ ਦਰਸਾਉਂਦੇ ਹੋਏ ਸਤਿ, ਸੰਤੋਖ ਤੇ ਧੀਰਜ ਅਤੇ ਸੱਚੇ ਰੂਹਾਨੀ ਗਿਆਨ ਦਾ ਸਹਾਰਾ ਲੈਂਦਿਆਂ ਕੂੜੀ ਅਗਿਆਨਤਾ 'ਚੋਂ ਬਾਹਰ ਨਿਕਲਣ ਦਾ ਗੁਰਮਤਿ ਗਾਡੀ ਮਾਰਗ ਬਖਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫ਼ਰਮਾਨ ਕਰਦੇ ਹਨ ਕਿ ਭਾਦਰੋਂ ਦੇ ਮਹੀਨੇ ਵਿਚ ਉਹ ਜੀਵ-ਇਸਤਰੀ ਅਗਿਆਨਤਾ ਦੇ ਭਰਮ ਵਿਚ ਭੁੱਲੀ ਭਟਕਦੀ ਰਹਿੰਦੀ ਹੈ ਜਿਹੜੀ ਪਰਮਾਤਮਾ ਰੂਪੀ ਸੱਚੇ ਮਾਲਕ ਜਾਂ ਪਤੀ ਦੇ ਪਿਆਰ ਨੂੰ ਛੱਡ ਕੇ ਕਿਸੇ ਹੋਰ ਨਾਲ ਭਾਵ ਰੂਹਾਨੀ ਪਿਆਰ ਨੂੰ ਛੱਡ ਕੇ ਉਲਾਰੂ ਮੋਹ ਸੰਸਾਰ ਨਾਲ ਲਾ ਬੈਠਦੀ ਹੈ। ਪਤੀ-ਪਰਮਾਤਮਾ ਦੇ ਪਿਆਰ ਤੋਂ ਵਾਂਝੀ ਹੋ ਜਾਣ ਕਰਕੇ ਜੀਵਨ ਰੂਪੀ ਭਾਦਰੋਂ ਦੇ ਮਹੀਨੇ ਵਿਚ ਉਹ ਬਾਹਰੋਂ ਜਿੰਨਾ ਮਰਜ਼ੀ ਸ਼ਿੰਗਾਰ ਕਿਉਂ ਨਾ ਕਰ ਲਵੇ ਉਹ ਉਸ ਦੇ ਕੰਮ ਨਹੀਂ ਆਉਂਦਾ ਕਿਉਂ ਜੋ ਜੀਵ-ਇਸਤਰੀ ਨੂੰ ਸ਼ਿੰਗਾਰ ਤਾਂ ਰੂਹਾਨੀ ਅਤੇ ਨੈਤਿਕ ਗੁਣਾਂ ਦਾ ਹੀ ਕਰਨਾ ਚਾਹੀਦਾ ਹੈ ਜਿਸ ਉੱਪਰ ਮਾਲਕ ਖੁਸ਼ ਹੋ ਸਕਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਰੀਰਿਕ ਸ਼ਿੰਗਾਰ ਵੈਸੇ ਵੀ ਬੇਅਰਥ ਹੈ ਕਿਉਂਕਿ ਇਹ ਸਰੀਰ ਤਾਂ ਬਿਨਸ ਜਾਂਦਾ ਹੈ ਅਤੇ ਉਸ ਵੇਲੇ ਸਾਰੇ ਅੰਗ-ਸਾਕ 'ਪ੍ਰੇਤ' ਆਖਦੇ ਜਾਂ ਸਮਝਣ ਲੱਗ ਜਾਂਦੇ ਹਨ। ਸਰੀਰ ਅੰਦਰ ਵੱਸਣ ਵਾਲੇ ਜੀਉੜੇ ਨੂੰ ਜਮਦੂਤ ਪਕੜ ਕੇ ਲੈ ਤੁਰਦੇ ਹਨ ਤੇ ਜੀਵ ਦੇ ਕਿਸੇ ਅੰਗ-ਸਾਕ ਨੂੰ ਇਸ ਦਾ ਭੇਤ ਨਹੀਂ ਦਿੰਦੇ। ਅਜਿਹੇ ਮੌਕੇ ਸਾਰੇ ਆਪਣੇ ਕਹਾਉਣ ਜਾਂ ਸਮਝੇ ਜਾਣ ਵਾਲੇ ਜਿਨ੍ਹਾਂ ਨਾਲ ਜੀਵ ਨੇ ਪਿਆਰ ਪਾਇਆ ਹੁੰਦਾ ਹੈ, ਜੀਵ ਦਾ ਸਾਥ ਛੱਡ ਦਿੰਦੇ ਹਨ। ਮੌਤ ਦੀ ਪਕੜ-ਜਕੜ 'ਚ ਆਏ ਜੀਵ ਦੀ ਹਾਲਤ ਬਿਆਨ ਕਰਦੇ ਹੋਏ ਗੁਰੂ ਸਾਹਿਬ ਕਥਨ ਕਰਦੇ ਹਨ ਕਿ ਅਜਿਹੇ ਸਮੇਂ ਜੀਵ ਪਛਤਾਉਂਦਾ ਹੈ, ਕੰਬਦਾ ਹੈ, ਡਰਦਾ ਤੇ ਘਬਰਾਉਂਦਾ ਹੈ ਤੇ ਕਾਲੇ ਤੋਂ ਚਿੱਟਾ ਪਿਆ ਹੁੰਦਾ ਹੈ ਐਪਰ ਇਹ ਸਰੀਰ ਤਾਂ ਕਰਮਾਂ ਵਾਲਾ ਖੇਤ ਹੈ ਜਿਸ ਵਿਚ ਜੀਵ ਜਿਹੋ ਜਿਹਾ ਕੋਈ ਬੀਜਦਾ ਹੈ ਉਹੋ ਜਿਹੀ ਹੀ ਫਸਲ ਵੱਢਦਾ ਹੈ। ਸਤਿਗੁਰੂ ਜੀ ਕਲਯੁਗੀ ਜੀਵਾਂ ਦਾ ਮਾਰਗ-ਦਰਸ਼ਨ ਕਰਦੇ ਹੋਏ ਫਰਮਾਉਂਦੇ ਹਨ ਕਿ, ਹੇ ਨਾਨਕ! ਜਿਹੜੇ ਜੀਵ ਮਾਲਕ ਦਾ ਆਸਰਾ ਲੈ ਲੈਂਦੇ ਹਨ ਉਨ੍ਹਾਂ ਨੂੰ ਉਹ ਮਾਲਕ ਆਪਣੇ ਚਰਨ ਕਮਲ ਰੂਪੀ ਜਹਾਜ਼ 'ਤੇ ਬਿਠਾ ਲੈਂਦਾ ਹੈ ਇਸ ਕਰਕੇ ਉਹ ਮਨੁੱਖਾ ਜੀਵਨ ਰੂਪੀ ਭਾਦਰੋਂ ਦੇ ਮਹੀਨੇ ਵਿਚ ਨਰਕ ਵਿਚ ਪੈਣ ਤੋਂ ਬਚ ਜਾਂਦੇ ਹਨ।






# ਭਾਦੁਇ ਮਹੀਨੇ ਰਾਹੀਂ ਗੁਰ ਉਪਦੇਸ਼

ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥ (ਅੰਗ ੧੧੦੮)ਭਾਵ - ਕਾਲੀ ਰਾਤ (ਨਿਸਿ ਕਾਲੀ) ਨੂੰ ਡੱਡੂ ਦਾਦਰ) ਤੇ ਮੋਰ ਬੋਲਦੇ ਹਨ। ਪਪੀਹਾ ਪ੍ਰਿਉ ਪ੍ਰਿਉ ਕਰਦਾ ਹੈ ਪਰ ਵਿਯੋਗੀ ਆਤਮਾ ਅਨੰਦਤ ਨਹੀਂ ਹੁੰਦੀ ਤੇ ਉਸ ਨੂੰ ਜਾਪਦਾ ਹੈ ਕਿ ਸੱਪ (ਭੁਇਅੰਗਮ) ਡੰਗਦੇ ਫਿਰਦੇ ਹਨ। ਅੱਗੇ ਫੁਰਮਾਨ ਹੈ:ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥ ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥੧੦॥(ਅੰਗ ੧੧੦੮)ਮੱਛਰ ਡੰਗਦੇ ਹਨ, ਸਾਇਰ (ਸਰੋਵਰ-ਤਲਾਬ) ਪਾਣੀ ਨਾਲ ਭਰੇ ਹੋਏ ਹਨ ਪਰ ਪ੍ਰਭੂ ਸੰਜੋਗ ਤੋਂ ਬਗੈਰ ਸੁਖ ਨਹੀਂ ਪਾਇਆ ਜਾ ਸਕਦਾ। ਅੰਤ ਉਪਦੇਸ਼ ਹੈ ਕਿ ਹੇ ਨਾਨਕ ! 1 ਮੈਂ ਤਾਂ ਆਪਣੇ ਗੁਰੂ ਦੀ ਸਿੱਖਿਆ 'ਤੇ ਤੁਰਾਂਗੀ, ਜਿੱਥੇ ਪ੍ਰਭੂ-ਪਤੀ ਮਿਲੇ ਉਥੇ ਹੀ ਜਾਵਾਂਗੀ। ਭਾਵ ਆਪਣੇ ਸਤਿਗੁਰਾਂ ਦੇ ਦੱਸੇ ਹੋਏ ਮਾਰਗ ਉੱਪਰ ਤੁਰਨਾ ਹੀ ਪ੍ਰਭੂ ਸੰਜੋਗ ਦਾ ਸੱਚਾ ਮਾਰਗ ਹੈ।ਦਸਮ ਪਾਤਸ਼ਾਹ ਜੀ ਨੇ ਬਾਰਾਮਾਹ ਵਿਚ 'ਭਾਦਵ ਮਾਹਿ' ਲਿਖਿਆ ਹੈ, ਜਿਸ ਵਿਚ ਵਰਖਾ ਰੁੱਤ ਤੇ ਵਿਯੋਗ ਦਾ ਵਰਣਨ ਹੈ :ਭਾਦਵ ਮਾਹਿ ਚੜਿਯੋ ਬਿਨ ਨਾਹਿ ਦਸੋ ਦਿਸ ਮਾਹਿ ਘਟਾ ਘਹਰਾਈ॥ ਦਯੋਸ ਨਿਸਾ ਨਹਿ ਜਾਨ ਪਰੈ ਤਮ ਬਿੱਜੁ ਛਟਾ ਰਵਿ ਕੀ ਛਬਿ ਪਾਈ॥ਮੂਸਲਧਾਰ ਛੁਟੈ ਨਭਿ ਤੇ ਅਵਨੀ ਸਗਰੀ ਜਲ ਤੂਰਨਿ ਛਾਈ॥ਐਸੇ ਸਮੇ ਤਜਿ ਯੋ ਹਮ ਕੋ ਟਸਕਯੋ ਨ ਹੀਯੋ ਕਸਕਯੋ ਨ ਕਸਾਈ ॥੯੧੯॥(ਸ੍ਰੀ ਦਸਮ ਗ੍ਰੰਥ, ਪੰਨਾ ੩੭੭)ਭਾਵ - ਭਾਦਰੋਂ ਦਾ ਮਹੀਨਾ ਚੜਿਆ ਤੇ ਅਸੀਂ ਮਾਲਕ ਤੋਂ ਬਿਨਾ ਹਾਂ ਅਤੇ ਦਸਾਂ ਦਿਸ਼ਾਵਾਂ ਵਿਚ ਘਟਾਂ ਚੜੀਆਂ ਹਨ। ਦਿਨ ਰਾਤ ਦਾ ਫ਼ਰਕ ਮਾਲੂਮ ਨਹੀਂ ਹੁੰਦਾ ਤੇ ਬਿਜਲੀ ਦੀ ਚਮਕ ਦੀ ਸੂਰਜ (ਰਵਿ) ਵਰਗੀ ਆਭਾ ਹੈ। ਮੋਹਲੇ ਜੇਡੀ ਪਾਣੀ ਦੀ ਧਾਰ ਅਕਾਸ਼ ਵਿੱਚੋਂ ਡਿੱਗਦੀ ਹੈ ਤੇ ਸਾਰੀ ਧਰਤੀ (ਅਵਨੀ ਸਗਰੀ) ਪੂਰੀ ਪਾਣੀ ਨਾਲ ਭਰੀ ਹੈ। ਅਜਿਹੇ ਭਾਵਕ ਸਮੇਂ ਵਿਚ ਸਾਨੂੰ ਪ੍ਰੀਤਮ ਛੱਡ ਕੇ ਚਲਾ ਗਿਆ ਹੈ ਤੇ ਉਸ ਦਾ ਹਿਰਦਾ ਰਤਾ ਭਰ ਨਹੀਂ ਝੁਕਿਆ (ਕਸਯੋ) ਤੇ ਨਾ ਹੀ ਸਾਡੀ ਕਸਿਕ ਜਾਂ ਖਿੱਚ ਹੈ।ਇਸੇ ਤਰ੍ਹਾਂ ਸਾਡੇ ਸਮਾਜ ਵਿਚ ਭਾਦਰੋਂ ਦੇ ਮਹੀਨੇ ਪ੍ਰਤੀ ਅਨੇਕਾਂ ਭਰਮ ਵੀ ਕਲਪੇ ਹਨ ਜੋ ਪ੍ਰੋਹਤ ਜਮਾਤ ਦੀ ਲੁੱਟ-ਖਸੁੱਟ ਵੀ ਹੈ, ਜਿਵੇਂ ਭਾਦਰੋਂ ਦੇ ਮਹੀਨੇ ਸੂਈ ਗਾਂ ਪਰਿਵਾਰ ਲਈ ਹਾਨੀਕਾਰਕ ਮੰਨੀ ਗਈ ਹੈ ਕਿ ਇਸ ਦਾ ਗ੍ਰਹ (ਗ੍ਰਹਿ) ਘਰ ਦੇ ਕਿਸੇ ਜੀਅ ਉੱਪਰ ਪੈ ਜਾਂਦਾ ਹੈ। ਦੂਜੇ ਪਾਸੇ ਇਹੋ ਗਾਂ ਜੇਕਰ ਕਿਸੇ ਬ੍ਰਾਹਮਣ ਨੂੰ ਪੁੰਨ ਕਰ ਦਿਓ ਤਾਂ ਸਾਰਾ ਗ੍ਰਹ (ਗ੍ਰਹਿ) ਟਲ ਜਾਵੇਗਾ। ਕਿੰਨਾ ਭੋਲਾ ਸਮਾਜ ਸੀ ਤੇ ਅੱਜ ਵੀ ਹੈ ਜੋ ਦਿਨਾਂ-ਦਿਹਾਰਾਂ, ਗ੍ਰਹਿਆਂ (ਗ੍ਰਹਿਆਂ) ਤੇ ਟੇਵੇ-ਪਤਰੀਆਂ ਦੇ ਨਾਉਂ ਉਤੇ ਸਦਾ ਲੁੱਟਿਆ ਗਿਆ ਤੇ ਲੁੱਟਿਆ ਜਾ ਰਿਹਾ ਹੈ। ਇਸੇ ਮਹੀਨੇ ਚਾਨਣ ਪੱਖ ਦੀ ਇਕਾਦਸ਼ੀ (ਇਕਾਦਸ਼ੀ ਤੋਂ ਭਾਵ ਚੰਦ੍ਰ ਮਹੀਨੇ ਅੰਧੇਰੇ ਅਤੇ ਚਾਨਣੇ ਪੱਖ ਦੀ ਗਿਆਰਵੀਂ ਤਿਥਿ) ਨੂੰ ਨਿੱਜੀ ਲੋੜਾਂ ਤੇ ਲੋਕਕਲਿਆਣ ਦੇ ਨਾਉਂ 'ਤੇ ਕੁਝ ਲੋਕ ਵਰਤ ਰੱਖਦੇ ਹਨ। ਇਸ ਸਮੇਂ ਅੱਠ ਪਹਿਰ ਜਗਰਾਤਾ ਕੱਟਣ ਦੀ ਵਿਧੀ ਹੈ। ਇਕ ਵਿਸ਼ੇਸ਼ ਕਥਾ ਸੁਣਨ ਤੋਂ ਬਾਅਦ ਵਰਤ ਖੋਲ੍ਹਿਆ ਜਾਂਦਾ ਹੈ। ਇਸੇ ਤਰ੍ਹਾਂ ਭਾਦਰੋਂ ਮਹੀਨੇ ਜੂਨਾਂ ਤੋਂ ਮੁਕਤੀ ਲਈ ਹਨੇਰੇ ਪੱਖ ਦੀ ਇਕਾਦਸ਼ੀ ਨੂੰ ਵਰਤ ਰੱਖਣ ਦਾ ਭਰਮ ਹੈ। ਬਾਕੀ ਟੇਵੇ-ਪੱਤਰੀਆਂ ਵਾਲਿਆਂ ਕਿਸੇ ਵੀ ਮਹੀਨੇ, ਕਿਸੇ ਵੀ ਮਨੁੱਖ ਨੂੰ ਬਖ਼ਸ਼ਿਆ ਨਹੀਂ। ਹਰੇਕ ਮਹੀਨੇ ਪ੍ਰਤੀ ਅਨੇਕਾਂ ਡਰ ਤੇ ਭਰਮ ਹਨ। ਆਮ ਮਨੁੱਖ ਇਹ ਸੋਚਦਾ ਕਿ ਸ਼ਾਇਦ ਮਹੀਨੇ ਬਦਲਣ ਨਾਲ ਹੀ ਦੁੱਖਾਂ-ਸੁੱਖਾਂ ਦਾ ਚੱਕਰ ਚੱਲ ਰਿਹਾ ਹੈ। ਸਿੱਖ ਸੱਭਿਆਚਾਰ ਵਿਚ ਗੁਰਮਤਿ ਅਨੁਸਾਰ ਇਸ ਤਰ੍ਹਾਂ ਦਾ ਕੋਈ ਭਰਮ-ਕਰਮ ਨਹੀਂ ਕਰਨਾ, ਬਸ ਇਕ ਪ੍ਰਭੂ ਉੱਪਰ ਭਰੋਸਾ ਰੱਖਣਾ ਹੈ। ਸਿੱਖੀ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਸਮਝਾਇਆ ਹੈ :ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ, ਪਤਿਬਤ ਏਕ ਟੇਕ ਦੁਬਿਧਾ ਨਿਵਾਰੀ ਹੈ॥ਪੂਛਤ ਨ ਜੋਤਕ ਅਉ ਬੇਦ ਥਿਤਿ ਬਾਰ ਕਛੁ, ਗ੍ਰਿਹ ਅਉ ਨਖਤ੍ਰ ਕੀ ਨ ਸੰਕਾ ਉਰਧਾਰੀ ਹੈ॥ ਜਾਨਤ ਨ ਸਗਨ ਲਗਨ ਆਨ ਦੇਵ ਸੇਵ ਸਬਦ ਸੁਰਤਿ ਲਿਵ ਨੇਹੁ ਨਿਰੰਕਾਰੀ ਹੈ॥ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ ਹੁਇ, ਜੀਵਨ ਮੁਕਤਿ ਗਤਿ ਬ੍ਰਹਮ ਬਿਚਾਰੀ ਹੈ॥(ਕਬਿੱਤ ਸਵੱਯੇ : ੪੪੮)ਭਾਵ - ਗੁਰੂ ਨਾਲ ਸਿੱਖ ਦੀ ਸੰਗਤ ਦਾ ਪ੍ਰਤਾਪ ਇਉਂ ਹੈ ਜਿਵੇਂ ਪਤੀਬ੍ਰਤਾ ਇਸਤਰੀ ਦੂਜਾਪਣ ਤਿਆਗ ਕੇ ਕੇਵਲ ਆਪਣੇ ਪਤੀ ਦੀ ਟੇਕ ਰੱਖਦੀ ਹੈ। ਇਸੇ ਤਰ੍ਹਾਂ ਇਕ ਪ੍ਰਭੂ ਦੀ ਟੇਕ ਰੱਖਣ ਵਾਲਾ ਨਾ ਜੋਤਕ (ਜੋਤਸ਼) ਤੇ ਨਾ ਵੇਦ, ਥਿਤ ਵਾਰ ਤੇ ਗ੍ਰਹਿਆਂ ਨਛੱਤਰਾਂ ਦੀ ਸ਼ੰਕਾ ਹਿਰਦੇ ਵਿਚ ਲਿਆਉਂਦਾ ਹੈ। ਉਹ ਸ਼ਗਨ (ਚੰਗੇ ਮੰਦੇ ਫਲ ਦੱਸਣ ਵਾਲੇ ਚਿੰਨ੍ਹ) ਲਗਨ (ਰਾਸ਼ੀਆਂ ਦਾ ਉਦੈ) ਤੇ ਹੋਰ ਦੇਵੀ-ਦੇਵਤਿਆਂ ਦੀ ਸੇਵਾ ਜਾਣਦਾ ਹੀ ਨਹੀਂ, ਸਗੋਂ ਸੁਰਤ ਵਿਚ ਸ਼ਬਦ ਨੂੰ ਟਿਕਾ ਕੇ ਉਸ ਵਿਚ ਲਿਵ ਲਾਈ ਰੱਖਦਾ ਹੈ। ਇਸ ਪ੍ਰਕਾਰ ਸ੍ਰੇਸ਼ਟ ਗੁਣਾਂ ਵਾਲੇ ਗੁਰਸਿੱਖ ਬਾਲਕਾਂ ਦੀ ਸਤਿਗੁਰੂ ਜੀ ਪਾਲਣਾ ਕਰਦੇ ਹਨ ਤੇ ਉਨ੍ਹਾਂ ਨੂੰ ਜਿਉਂਦੇ ਜੀਅ ਸਭ ਫੋਕਟ ਕਰਮਾਂ ਤੋਂ ਛੁਡਾ ਕੇ ਇਕ ਵਾਹਿਗੁਰੂ ਦੀ ਵਿਚਾਰ ਵਾਲੇ ਬਣਾ ਦਿੰਦੇ ਹਨ। ਭਾਵ ਉਹ ਫਿਰ ਗੁਰਬਾਣੀ ਅਨੁਸਾਰ ਜੀਵਨ ਜਿਊਂਦੇ ਹਨ।ਚੱਲਦੀ ਵਿਚਾਰ ਅਨੁਸਾਰ ਭਾਦੁਇ ਮਹੀਨੇ ਰਾਹੀਂ ਬਾਰਹ ਮਾਹਾ ਮਾਂਝ ਵਿਚ ਪੰਚਮ ਪਾਤਸ਼ਾਹ ਜੀ ਦਾ ਉਪਦੇਸ਼ ਹੈ ਕਿ ਜਿਵੇਂ ਭਾਦਰੋਂ ਦੇ ਮਹੀਨੇ ਹੁੰਮਸ ਵਿਚ ਮਨੁੱਖ ਘਬਰਾਉਂਦਾ ਹੈ, ਏਵੇਂ ਜੋ ਜੀਵ ਰੂਪ ਇਸਤਰੀ ਇਕ ਪ੍ਰਭੂ-ਪਤੀ ਤੋਂ ਇਲਾਵਾ ਕਿਸੇ ਦੂਸਰੇ ਹਿੱਤ ਵਿਚ ਜੀਵੇ, ਉਹ ਜੀਵਨ ਦੇ ਸਹੀ ਮਾਰਗ ਤੋਂ ਭਟਕ ਜਾਂਦੀ ਸ਼ਿੰਗਾਰ ਕੀਤੇ ਕਿਸੇ ਕੰਮ ਨਹੀਂ ਆਉਂਦੇ। ਜਿਸ ਦਿਨ ਇਸ ਸਰੀਰ ਨੇ ਨਾਸ਼ ਹੋਣਾ ਤਦ ਸਭਅੰਗ ਸਾਕ ਇਸ ਨੂੰ ਅਪਵਿੱਤਰ ਕਹਿੰਦੇ ਹਨ। ਜਦ ਜਮਦੂਤ ਇਸ ਜਿੰਦ ਨੂੰ ਅੱਗੇ ਲਾ ਲੈਂਦੇ ਹਨ ਤਾਂ ਕਿਸੇ ਨੂੰ ਭੇਤ ਨਹੀਂ ਦੱਸਦੇ। ਫਿਰ ਸਭ ਸਨਬੰਧੀ ਪਲਾਂ ਵਿਚ ਸਾਥ ਛੱਡ ਜਾਂਦੇ ਹਨ। ਮੌਤ ਨੂੰ ਦੇਖ ਕੇ ਅੰਤ ਸਮੇਂ ਇਨਸਾਨ ਪਛਤਾਉਂਦਾ ਹੈ, ਔਖਾ ਹੋਇਆ ਸਰੀਰ ਕਾਲੇ ਤੋਂ ਚਿੱਟਾ ਰੰਗ ਵਟਾਉਂਦਾ ਹੈ। ਸਤਿਗੁਰੂ ਜੀ ਫ਼ਰਮਾਉਂਦੇ ਹਨ ਕਿ ਇਹ ਸਰੀਰ ਮਨੁੱਖ ਦਾ ਕਰਮ ਰੂਪੀ ਖੇਤ ਹੈ, ਜੋ ਕੁਝ ਅਸੀਂ ਬੀਜਦੇ ਹਾਂ, ਉਹ ਫਲ ਪਾਉਂਦੇ ਹਾਂ। ਅੰਤ ਤੱਤਸਾਰ ਹੈ। ਕਿ ਜੋ ਮਨੁੱਖ ਗੁਰੂ ਦੀ ਸ਼ਰਨ ਵਿਚ ਆ ਜਾਂਦੇ ਹਨ ਤਾਂ ਗੁਰੂ ਉਨ੍ਹਾਂ ਨੂੰ ਪ੍ਰਭੂ ਦੇ ਚਰਨਾਂ ਰੂਪੀ ਜਹਾਜ਼ ਵਿਚ ਚੜ੍ਹਾ ਦਿੰਦਾ ਹੈ ਤੇ ਜਿਨ੍ਹਾਂ ਦਾ ਰਾਖਾ ਗੁਰੂ ਹੁੰਦਾ ਹੈ, ਉਹ ਨਰਕਾਂ ਵਿਚ ਨਹੀਂ ਪੈਂਦੇ। ਇਸ ਲਈ ਸਾਨੂੰ ਸਭਨਾਂ ਨੂੰ ਭਾਦਰੋਂ ਮਹੀਨੇ ਰਾਹੀਂ ਮਿਲਿਆ ਗੁਰ ਉਪਦੇਸ਼ ਹਿਰਦੇ ਵਿਚ ਵਸਾਉਣਾ ਚਾਹੀਦਾ ਹੈ।

# { ਬਾਕੀ }

## ਬਿਪਤਾ ਅਤੇ ਯੁੱਧ ਵਿਚ ਸਾਹਿਸ

**ਗਿਆਨੀ ਦਿੱਤ ਸਿੰਘ ਜੀ**

ਇਸ ਸਾਰੇ ਕਥਨ ਦਾ ਭਾਵ ਹੈ ਕਿ ਸੰਸਾਰ ਵਿਚ ਧਰਮ ਅਤੇ ਅਧਰਮ ਦਾ ਸਦਾ ਹੀ ਯੁੱਧ ਹੁੰਦਾ ਰਹਿੰਦਾ ਹੈ ਜਿਸ ਤੇ ਅਧਰਮੀਆਂ ਦੇ ਹੱਥੋਂ ਕਈ ਧਰਮਾਤਮਾਂ ਦੁਖਾਏ ਜਾਂਦੇ ਹਨ।ਪਰੰਤੂ ਅਜੇਹੇ ਸ ਪਰ ਸੱਚੇ ਧਰਮਾਤਮਾ ਦਾ ਹੌਂਸਲਾ ਅਤੇ ਧੀਰਜ ਉਸੀ ਪ੍ਰਕਾਰ ਅਟੱਲ ਰਹਨਾ ਚਾਹੀਦਾ ਹੈ, ਜੈਸਾ ਕਿ ਅਧਰਮੀ ਪੁਰਖਾਂ ਨੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਕੁਰਾਹੀਆ ਆਖ ਕੇ ਉਨ੍ਹਾਂ ਤੇ ਚੱਕੀ ਪਿਸਾਈ, ਪਰੰਤੂ ਉਨ੍ਹਾਂ ਧਰਮ ਦੇ ਪਜਾਰਿਆਂ ਨੇ ਹੱਸ-ਹੱਸ ਕੇ ਇਸ ਕਾਰਜ ਨੂੰ ਕੀਤਾ, ਪਰੰਤੂ ਅਪਨੇ ਆਤਮਾ ਨੂੰ ਉਸ ਦੁੱਖ ਦੇ ਅੱਗੇ ਨਹੀਂ ਡੁਲਾਇਆ॥ਇਸੀ ਪ੍ਰਕਾਰ ਨਾਮੇਂ ਭਗਤ ਨੂੰ (ਭਗਤ ਨਾਮਾ ਜੀ) ਉਪਸਾਨਾ ਕਰਨ ਦੇ ਸਮੇਂ ਪਰ ਬ੍ਰਹਮਨਾਂ ਨੇ ਧੱਕੇ ਦੇ ਕੇ ਬਾਹਰ ਕੱਢ ਦਿੱਤਾ, ਪਰੰਤੂ ਨਾਮਾ ਜੀ ਨੇ ਅਪਨੇ ਚਿੱਤ ਨੂੰ ਰੰਚਕ ਭੀ ਖੋਭ ਵਿਚ ਨਹੀਂ ਪਾਇਆ ਅਤੇ ਅਕਾਲ ਪੁਰਖ ਦਾ ਪੱਲਾ ਨਹੀਂ ਛੱਡਿਆ॥ਫੇਰ ਕਬੀਰ ਭਗਤ ਨੂੰ ਅਧਰਮੀ ਲੋਗਾਂ ਨੇ ਬੰਨ੍ਹ ਕੇ ਹਾਥੀ ਅੱਗੇ ਸੁੱਟਿਆ ਪਰ ਤਾਂ ਭੀ ਕਬੀਰ ਜੀ ਨੇ ਅਪਨੇ ਆਤਮਾ ਵਿਚ ਕੋਈ ਡਰ ਨਹੀਂ ਆਂਦਾ ਸੀ॥ਇਸੀ ਪ੍ਰਕਾਰ ਰਵਿਦਾਸ ਭਗਤ ਨੂੰ ਲੋਕਾਂ ਨੇ ਢੇਡ-ਢੇਡ ਕਰਕੇ ਤ੍ਰਿਸਕਾਰ ਕੀਤਾ, ਜਿਸ ਪਰ ਰਵਿਦਾਸ ਜੀ ਨੇ ਉਨ੍ਹਾਂ ਦੀ ਇਕ ਭੀ ਨਾ ਸੁਨੀ। ਇਸੀ ਪ੍ਰਕਾਰ ਪਰਮੇਸ਼ਰ ਦੇ ਪਿਆਰਿਆਂ ਨੂੰ ਕਈ ਤਰ੍ਹਾਂ ਦੇ ਦੁੱਖ ਮਿਲੇ ਜਿਨ੍ਹਾਂ ਨੂੰ ਸਹਾਰ ਕੇ ਉਨ੍ਹਾਂ ਨੇ ਅਪਨੇ ਆਤਮਾ ਨੂੰ ਪ੍ਰਮਾਤਮਾ ਦੇ ਅਟੱਲ ਰਾਜ ਦੇ ਕਾਇਮ ਰੱਖਨ ਲਈ ਅਪਨੇ ਸਰਵੰਸ ਕੁਰਬਾਨ ਕਰਕੇ ਭੀ ਉਸ ਕਾਰਜ ਨੂੰ ਪੂਰਾ ਕੀਤਾ ਸੀ॥ਅੱਜ ਕੱਲ ਭੀ ਅਧਰਮ ਅਤੇ ਧਰਮ ਦਾ ਟਾਕਰਾ ਹੋਇਆ ਹੋਇਆ ਹੈ, ਜਿਸ ਪਰ ਕਈ ਕੁਰੀਤੀਆਂ ਦੇ ਆਦੀ ਅਕਾਲ ਪੁਰਖ ਦੀ ਆਗਜ਼ਾ ਭੰਗ ਕਰਨ ਲਈ ਚਾਹੁੰਦੇ ਹਨ ਅਤੇ ਉਸ ਦੇ ਸੱਚੇ ਭਗਤਾਂ ਨੂੰ ਦੁੱਖ ਦੇਂਦੇ ਹਨ, ਪਰੰਤੂ ਅਸੀਂ ਉਨ੍ਹਾਂ ਸੱਚੇ ਧਰਮਾਤਮਾਂ ਪੁਰਖਾਂ ਅੱਗੇ ਬੇਨਤੀ ਕਰਦੇ ਹਾਂ ਕਿ ਆਪ ਅਪਨੇ ਤੇ ਪਹਿਲੇ ਭਗਤਾਂ ਦਾ ਹਾਲ ਧਜ਼ਾਨ ਨਾਲ ਪੜ੍ਹ ਕੇ ਦੇਖੋ ਜੋ ਉਨ੍ਹਾਂ ਨੂੰ ਕੇਹੇ ਜੇਹੇ ਦੁੱਖ ਦਿੱਤੇ ਗਏ ਸਨ ਜਿਨ੍ਹਾਂ ਨੂੰ ਝੱਲ ਕੇ ਉਨ੍ਹਾਂ ਨੇ ਅਪਨੇ ਧਰਮ ਕਾਰਯਾਂ ਨੂੰ ਪੂਰਾ ਕੀਤਾ ਸੀ ਇਸੀ ਤਰ੍ਹਾਂ ਆਪ ਭੀ ਇਨ੍ਹਾਂ ਸਾਰੇ ਕਲੇਸ਼ਾਂ ਨੂੰ ਸਹਾਰ ਕੇ ਸਵਾਧਾਨ ਰਹੋ ਜਿਸ ਤੇ ਆਪ ਦੀ ਫਤੇ ਹੋਵੇਗੀ॥

(ਖ਼ਾਲਸਾ ਅਖ਼ਬਾਰ ਲਾਹੌਰ, ੨੦ ਮਾਰਚ ੧੯੯੬, ਪੰਨਾ ੩)

## ਆਜ਼ਾਦੀ ਦੀ ਲੜਾਈ ਵਿੱਚ ਸਿੱਖਾਂ ਦਾ ਯੋਗਦਾਨ

**ਸ. ਜਸਵੰਤ ਸਿੰਘ 'ਅਜੀਤ'**




ਸਰਕਾਰ ਨੇ ਅਜਿਹਾ ਕਿਉਂ ਕੀਤਾ ਜਦੋਂ ਕਿ ਕਮੇਟੀ ਦੇ ਆਦਮੀ ਗੁਰਦੁਆਰੇ ਦੀ ਮਲਕੀਅਤ ਵਿੱਚੋਂ ਹੀ ਗੁਰੂ ਕੇ ਲੰਗਰ ਲਈ ਲੱਕੜਾਂ ਲਿਆਉਂਦੇ ਸਨ, ਇਸ ਦਾ ਸਰਕਾਰ ਨੂੰ ਵੀ ਕੋਈ ਗਿਆਨ ਨਹੀਂ ਸੀ, ਪਰ ਸਰਕਾਰ ਤਾਂ ਜਾਣ ਬੁੱਝ ਕੇ ਲੱਤ ਅੜਾ ਰਹੀ ਸੀ ਤਾਂ ਕਿ ਅਕਾਲੀਆਂ ਨੂੰ ਕਿਵੇਂ ਨਾ ਕਿਵੇਂ ਜੇਲ੍ਹੀਂ ਭੇਜਿਆ ਜਾ ਸਕੇ। ਜੇ ਇਹ ਬੇਕਾਨੂੰਨੀ ਕਰ ਰਹੇ ਸਨ ਤਾਂ ਮਹੰਤ ਸੁੰਦਰ ਦਾਸ ਦੀ ਰਿਪੋਰਟ 'ਤੇ ਹੀ ਪੁਲਿਸ ਨੂੰ ਉੱਥੇ ਪਹੁੰਚਣ ਦੀ ਲੋੜ ਸੀ, ਪਰ ਅਸਲੀਅਤ ਇਹ ਹੈ ਕਿ ਗੋਰੀ ਸਰਕਾਰ ਦਾ ਆਪਣਾ ਹੀ ਸੀਨਾ ਕਾਲ਼ਾ ਸੀ ਤੇ ਉਹ ਕਿਸੇ ਨਾ ਕਿਸੇ ਬਹਾਨੇ ਨਾਮਿਲਵਰਤਨੀਏ ਸਿੱਖਾਂ ਨੂੰ ਦਬਕਾਉਣ ਧਮਕਾਉਣ ਦੀਆਂ ਵਿਉਂਤਾਂ ਬਣਾ ਰਹੀ ਸੀ। ਅਗਲੀਆਂ ਘਟਨਾਵਾਂ ਇਸ ਗੱਲ ਨੂੰ ਹੋਰ ਸਾਫ਼ ਕਰਦੀਆਂ ਹਨ।

10 ਤੋਂ 22 ਅਗਸਤ ਤੱਕ ਪੁਲਿਸ ਚੁੱਪ ਕਰਕੇ ਬੈਠੀ ਰਹੀ ਪਰ ਗ੍ਰਿਫ਼ਤਾਰੀ ਕੋਈ ਨਾ ਹੋਈ।

ਅਖੀਰ ਉਤਲੇ ਹੁਕਮ ਅਨੁਸਾਰ 22 ਤਰੀਕ ਤੋਂ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਸ਼ੁਰੂ ਹੋਇਆ। ਮਿ: ਡੰਟ, ਡਿਪਟੀ ਕਮਿਸ਼ਨਰ ਅੰਮ੍ਰਿਤਸਰ 25 ਅਗਸਤ ਨੂੰ ਸ਼ਿਮਲੇ ਤੋਂ ਖ਼ਾਸ ਹਦਾਇਤਾਂ ਲੈ ਕੇ ਅੰਮ੍ਰਿਤਸਰ ਪਹੁੰਚ ਗਿਆ ਤੇ ਅੱਗੋਂ ਤੋਂ ਮਾਰ-ਕੁਟਾਈ ਦਾ ਕੰਮ ਵੀ ਸ਼ੁਰੂ ਹੋ ਗਿਆ। 26 ਅਗਸਤ 1922 ਨੂੰ ਸ਼੍ਰੋਮਣੀ ਕਮੇਟੀ ਦੇ ਮੀਟਿੰਗ ਕਰ ਰਹੇ ਅੰਤਰਿੰਗ ਮੈਂਬਰ ਸ. ਮਹਿਤਾਬ ਸਿੰਘ (ਪ੍ਰਧਾਨ), ਭਗਤ ਜਸਵੰਤ ਸਿੰਘ (ਜਨਰਲ ਸਕੱਤਰ), ਪ੍ਰੋ. ਸਾਹਿਬ ਸਿੰਘ (ਮੀਤ ਸਕੱਤਰ), ਸ. ਸਰਮੁਖ ਸਿੰਘ ਝਬਾਲ (ਪ੍ਰਧਾਨ ਅਕਾਲੀ ਦਲ), ਮਾਸਟਰ ਤਾਰਾ ਸਿੰਘ, ਬਾਬਾ ਕੇਹਰ ਸਿੰਘ ਪੱਟੀ, ਸ. ਰਵੇਲ ਸਿੰਘ ਵੀ ਫੜ ਲਏ ਗਏ।

## ਸਿੱਖਾਂ ਦਾ ਉਪਕਾਰ

**ਸ: ਹਰਿੰਦਰ ਸਿੰਘ ਰੂਪ**

ਉਪਰਲੀਆਂ ਜ਼ਾਤਾਂ ਦੀ ਆਪਾ-ਵਧਾਊ ਬਿਰਤੀ ਤੇ ਨੀਵੀਆਂ ਜਾਤਾਂ ਦੀ ਆਪਾ-ਘਟਾਊ ਬਿਰਤੀ ਦੂਰ ਹੋ ਗਈ। ਸਭ ਆਪਣੇ ਆਪ ਨੂੰ ਇਕੋ ਜਿਹੇ ਸਮਝਣ ਲੱਗ ਪਏ । ਖਾਣ ਪੀਣ ਵੇਲੇ ਪੰਗਤਾਂ ਇਕੱਠੀਆਂ ਲੱਗਣ ਲੱਗੀਆਂ । ਲੰਗਰਾਂ ਤੋਂ ਛੋਹ ਉਡਾਉਣ ਦਾ ਸਿੱਖਾਂ ਨੇ ਕਾਫ਼ੀ ਕੰਮ ਲਿਆ । ਕਬੀਰ ਸਾਹਿਬ ਨੇ ਵਰਨ ਜਾਤ ਦੇ ਖ਼ਿਲਾਫ ਭਰ ਕੇ ਸ਼ਬਦ ਲਿਖੇ ਪਰ ਸਿੱਖਾਂ ਕਿਹਾ ਤੇ ਕਰ ਕੇ ਵੀ ਦੱਸਿਆ। ਪੰਜਾਬ ਵਿਚ ਛੋਹ-ਛਹ-ਛਾਹ ਦਾ ਭਰਮ ਕਾਫ਼ੀ ਮਿਟਿਆ। ਦੇਸ ਉੱਤੇ ਇਹ ਪਹਿਲਾ ਉਪਕਾਰ ਸੀ । ਏਸੇ ਕਰ ਕੇ ਅਸੀਂ ਇਕ ਮੁੱਠ ਹੋਏ ਤੇ ਇਕ ਦੂਜੇ ਦੇ ਦੁੱਖ ਨੂੰ ਆਪਣਾ ਦੁੱਖ ਜਾਣ ਕੇ, ਜਦ ਦੇਸ ਤੇ ਭੀੜ ਬਣੀ, ਅਸੀਂ ਤਲੀਆਂ 'ਤੇ ਸਿਰ ਰੱਖੀ ਰਣ ਵਿਚ ਗੱਜੇ । ਛੋਹ ਦੂਰ ਕਰਨ ਨਾਲ ਸਾਡਾ ਪਾਲੇਟਿਕਸ ਸਿੱਧਾ ਹੋ ਗਿਆ। ਛੋਹ ਦੂਰ ਕਰਨ ਨਾਲ ਸਿੱਖ ਸਮਾਜ ਬਣਿਆ, ਜਿਸ ਨੇ ਦੇਸ ਵਿਚ ਪੰਚਾਇਤੀ ਰਾਜ ਦਾ ਰੰਗ ਗੂੜਾ ਕੀਤਾ । ਸੋ ਪਹਿਲਾ ਉਪਕਾਰ ਵਰਨ-ਭੇਦ ਗਵਾਉਣਾ ਸੀ, ਜਿਸ ਨਾਲ ਆਪਸ ਵਿਚ ਪਿਆਰ ਤੇ ਹਿੱਤ ਵਧਿਆ।ਦੂਜਾ ਉਪਕਾਰ ਪੰਚਾਇਤੀ ਰਾਜ ਨੂੰ ਪੱਕਾ ਕਰਨ ਦਾ ਸੀ । ਗੁਰਦੇਵ ਉਪਦੇਸ਼ ਦੇ ਕੇ, ਫੇਰ ਸੰਗਤਾਂ ਦੇ ਝਗੜੇ ਨਿਬੇੜਦੇ ਸਨ । ਅਸਾਂ ਸਿਆਸਤਦਾਨਾਂ ਨੂੰ ਸੂਝ ਕਰਾ ਦਿੱਤੀ ਸੀ ਕਿ ਜਨਤਾ ਨੂੰ ਉਠਾਉਣਾ ਹੋਵੇ, ਤਾਂ ਹਕੂਮਤ ਦੇ ਮੁਕਾਬਲੇ ਉੱਤੇ ਆ ਕੇ ਸੁਖ ਦੇ ਰਾਹ ਕੱਢੋ। ਪੰਜਾਬ ਵਿਚ ਪ੍ਰਚਾਰ ਕਾਫ਼ੀ ਹੋ ਰਿਹਾ ਸੀ । ਏਸੇ ਲਈ ਪੰਜਾਬ ਸਭ ਸੂਬਿਆਂ ਨਾਲੋਂ ਅਗਾਂਹ ਰਿਹਾ, ਸਿਰਫ਼ ਪੰਚਾਇਤੀ ਰਾਜ ਦੇ ਸਿਰ ਸਦਕੇ। ਹੋਰ ਸੂਬੇ ਉੱਦਮ ਮਣਸ ਚੁੱਕੇ ਸਨ । ਆਪ ਤਾਂ ਨਾ ਉੱਠੇ, ਪੰਜਾਬ ਦੇ ਉੱਠਣ ਕਰ ਕੇ ਬਚੇ ਰਹੇ ।ਤੀਜਾ ਉਪਕਾਰ ਅਸਾਂ ਬਹੁਤਿਆਂ ਇਲਾਕਿਆਂ ਦੀਆਂ ਬੋਲੀਆਂ ਵਿਚ ਪ੍ਰਚਾਰ ਕੀਤਾ, ਜਿਸ ਤੋਂ ਅਨਪੜ੍ਹ ਜਨਤਾ ਨੂੰ ਸੂਝ ਹੋ ਗਈ, ਬੇਇਲਮਿਆਂ ਪੱਲੇ ਕੁਝ ਪੈਂਦਾ ਗਿਆ। ਉਹ ਪਿੱਛੇ ਲੱਗ ਤੁਰੇ ਤੇ ਸਾਡੇ ਪੈਰ ਜੰਮਦੇ ਗਏ ।

ਲੋਕਾਂ ਦੀ ਸੂਝ ਲਈ ਹੋਰ ਇਲਾਕਿਆਂ ਦੇ ਭਗਤਾਂ ਦੀ ਬਾਣੀ ਇਕੱਠੀ ਕੀਤੀ, ਅਦਬ ਕੀਤਾ ਤੇ ਕਰਾਇਆ। ਇਲਾਕੇ ਤੇ ਬੋਲੀ ਦਾ ਵਿਤਕਰਾ ਨਾ ਰੱਖਿਆ। ਅਸੀਂ ਚਾਹੁੰਦੇ ਸਾਂ ਲੋਕਾਂ ਨੂੰ ਸੁਧਾਰਨਾ, ਉਸ ਵਾਸਤੇ ਹਰ ਹੀਲਾ ਕਰਦੇ ਸਾਂ । ਅਸਾਂ ਆਪਣੇ ਹੀ ਬੰਦਿਆਂ ਦੇ ਖਿਆਲ ਨਹੀਂ ਪ੍ਰਚਾਰੇ, ਸਗੋਂ ਜਿਨ੍ਹਾਂ ਦੇ ਆਪਣੇ ਜਿਹੇ ਖਿਆਲ ਸਨ, ਓਹਨਾਂ ਦਾ ਵੀ ਪਰਚਾਰ ਕੀਤਾ । ਭਗਤ ਵੱਖੋ-ਵੱਖ ਇਲਾਕਿਆਂ ਦੇ ਸਨ ਤੇ ਵੱਖਰੀਆਂ ਬੋਲੀਆਂ ਵੀ ਸਨ । ਅਸਾਂ ਹਰ ਥਾਂ ਦੇ ਬੰਦੇ ਵਾਸਤੇ ਮਸਾਲਾ ਇੱਕਠਾ ਕੀਤਾ । ਏਸ ਤਰ੍ਹਾਂ ਸਾਰੇ ਭਾਰਤ ਨੂੰ ਆਪਣਾ ਸਮਝਿਆ । ਚੌਥਾ ਉਪਕਾਰ ਸਿੰਘ ਬਾਣਾ ਸਜਾ ਕੇ ਦੇਸ ਦੀ ਹਾਲਤ ਸੁਧਾਰੀ । ਅਸੀਂ ਪਹਿਲਾਂ ਤੋਂ ਹੀ ਖ਼ੁਦਾਈ ਖ਼ਿਦਮਤਗਾਰ ਸਾਂ। ਸਮੇਂ ਨੇ ਅਜਿਹਾ ਪਲਟਾ ਖਾਧਾ, ਜੇ ਪ੍ਰਤੱਖ ਵੱਖਰੇ ਹੋ ਕੇ ਦੁੱਖਾਂ ਦਾ ਟਾਕਰਾ ਨਾ ਕਰਦੇ, ਤਾਂ ਨਾ ਅਸੀਂ ਰਹਿੰਦੇ, ਨਾ ਹੀ ਉਹ ਰਹਿਣੇ ਸਨ, ਜਿਨ੍ਹਾਂ ਉਤੇ ਅਸਾਂ ਉਪਕਾਰ ਕੀਤੇ । ਜਦ ਦੇਸ ਉੱਤੇ ਬਿਪਤਾ ਦੇ ਹੜ੍ਹ ਆਉਂਦੇ ਤਾਂ ਕੁਝ ਜਿਗਰੇ ਵਾਲੇ ਸਿੰਘ ਅੱਗਾਂਹ ਆ ਖਲੋਂਦੇ ਸਨ। ਓਹਨਾਂ ਦੀ ਧਾਗੇ ਵਿਚ ਪ੍ਰੋਤੇ ਮਣਕਿਆਂ ਵਾਂਗ ਤਰਤੀਬ ਹੁੰਦੀ ਸੀ । ਉਹ ਅੱਛੀ ਤਰ੍ਹਾਂ ਅੜਦੇ ਸਨ । ਏਹਨਾਂ ਸਦਕਾ ਆਮ ਖ਼ਲਕਤ ਬਚ ਜਾਂਦੀ ਸੀ । ਜੇ ਅਸੀਂ ਵੱਖਰਾ ਰੂਪ ਨ ਧਾਰਦੇ ਤਾਂ ਫ਼ਰੁੱਖਸੀਅਰ ਵੇਲੇ ਏਨੀ ਸੇਵਾ ਨਹੀਂ ਸੀ ਹੋਣੀ, ਜਿੰਨੀ ਕਿ ਹੋਈ।ਪੰਜਵਾਂ ਉਪਕਾਰ, ਬਾਬੇ ਬੰਦੇ ਵੇਲੇ ਅਸਾਂ ਦਿਖਾਇਆ ਕਿ ਕਦੇ ਕਦੇ ਜ਼ੁਲਮ ਕਰੜੀ ਤਰ੍ਹਾਂ ਹੀ ਜਾਂਦਾ ਹੈ । ਨਿਰਾ ਸ਼ਾਂਤੀ ਨਾਲ ਜਾਂ ਫ਼ੌਜਾਂ ਨਾਲ ਫ਼ੌਜ ਭਿੜਾ ਕੇ ਗੱਲ ਨਹੀਂ ਬਣਦੀ। ਇਹ ਵੀ ਦੱਸਿਆ, ਪਈ ਜਿਸ ਨੇ ਸਿਆਸਤ ਕਰਨੀ ਹੈ, ਓਸ ਨੂੰ ਮੁਲਕ ਸੰਭਾਲਣਾ ਚਾਹੀਦਾ ਹੈ ਤੇ ਥਾਂ-ਥਾਂ ਠਾਣੇ ਬਹਾਣੇ ਚਾਹੀਦੇ ਹਨ । ਮਤਲਬ ਇਹ ਕਿ ਬਾਬੇ ਬੰਦੇ ਵੇਲੇ ਰਾਜਨੀਤੀ ਦੇ ਖੁਲ੍ਹੇ ਅਰਥ ਦੇਸ ਨੂੰ ਦੱਸੇ । ਛੇਵਾਂ ਉਪਕਾਰ ਲਾਹੌਰ ਵਿਚ ਝੰਡਾ ਲਾ ਕੇ ਵੀ ਮੁਸਲਮਾਨਾਂ ਦੇ ਸਿਰਾਂ ਦਾ ਮੁਲ ਨ ਪਾਇਆ, ਜਿਵੇਂ ਕਿ ਕੁਝ ਚਿਰ ਪਹਿਲਾਂ ਸਿੱਖਾਂ ਦੇ ਸਿਰਾਂ ਦਾ ਮੁਲ ਪੈਂਦਾ ਰਿਹਾ ਸੀ । ਸੱਤਵਾਂ ਉਪਕਾਰ, ਜੋ ਕੌਮ ਕੋਮਲ ਹੁਨਰਾਂ ਨਾਲ ਪਿਆਰ ਕਰੇ, ਦਾ ਆਉਣ ਵਾਲੀਆਂ ਪੀੜੀਆਂ ਉਪਕਾਰ ਮੰਨਦੀਆਂ ਹਨ । ਹਰਿਮੰਦਰ ਤੇ ਹੋਰ ਗੁਰਦਵਾਰਿਆਂ ਵਿਚ ਵੀ ਕਵਿਤਾ, ਸੰਗੀਤ (ਸ਼ਬਦ ਕੀਰਤਨ) ਤੇ ਤੀਸਰਾ ਹੁਨਰ ਚਿਤ੍ਰਕਾਰੀ, ਹਾਲੀ ਤੱਕ ਦਿੱਸ ਰਿਹਾ ਹੈ ।ਅਸਾਂ ਉਪਕਾਰਾਂ ਨੂੰ ਤੱਕ ਤੱਕ ਕੇ ਜੀਉਣਾ ਨਹੀਂ, ਆਪਣੇ ਵਿਚ ਉਹ ਤਾਕਤ ਪੈਦਾ ਕਰਨੀ ਹੈ, ਜਿਸ ਕਰ ਕੇ ਇਹ ਕਾਰਨਾਮੇ ਕਰ ਗੁਜ਼ਰੇ ਸਾਂ ।

## ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਦੇ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਜਥਾ ਰਵਾਨਾ

ਸ੍ਰੀ ਅੰਮ੍ਰਿਤਸਰ-ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾਗੱਦੀ ਦਿਵਸ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ 21 ਅਗਸਤ 2025 ਨੂੰ ਨੌਵੇਂ ਪਾਤਸ਼ਾਹ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਸ੍ਰੀ ਅਨੰਦਪੁਰ ਸਾਹਿਬ ਤੀਕ ਸਜਾਏ ਜਾ ਰਹੇ ਨਗਰ ਕੀਰਤਨ ਦੇ ਪ੍ਰਬੰਧਾਂ ਲਈ ਅੱਜ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਤੇ ਮੁਲਾਜਮਾਂ ਦੇ ਜਥੇ ਨੂੰ ਅਰਦਾਸ ਕਰਕੇ ਰਵਾਨਾ ਕੀਤਾ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਅਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਆਸਾਮ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਲੋੜੀਂਦੇ ਪ੍ਰਬੰਧਾਂ ਲਈ ਅੱਜ ਸ਼੍ਰੋਮਣੀ ਕਮੇਟੀ ਮੈਂਬਰ ਸ. ਜਗਸੀਰ ਸਿੰਘ ਮਾਂਗੇਆਣਾ ਅਤੇ




ਮੀਤ ਸਕੱਤਰ ਸ. ਬਲਵਿੰਦਰ ਸਿੰਘ ਖੈਰਾਬਾਦ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ ਦਾ ਸਟਾਫ਼ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਧੋਬੜੀ ਸਾਹਿਬ ਵਿਖੇ 20 ਅਗਸਤ ਰਾਤ ਨੂੰ ਗੁਰਮਤਿ ਸਮਾਗਮ ਹੋਵੇਗਾ, ਜਿਸ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਸ਼ਿਰਕਤ ਕਰਨਗੀਆਂ। 21 ਅਗਸਤ ਨੂੰ ਸਵੇਰੇ ਗੁਰਦੁਆਰਾ ਧੋਬੜੀ ਸਾਹਿਬ ਤੋਂ ਨਗਰ ਕੀਰਤਨ ਆਰੰਭ ਹੋਵੇਗਾ, ਜੋ ਵੱਖ-ਵੱਖ ਸੂਬਿਆਂ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਪੁੱਜੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸ. ਜਗਸੀਰ ਸਿੰਘ ਮਾਂਗੇਆਣਾ, ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਮੀਤ ਸਕੱਤਰ ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਪ੍ਰਚਾਰ ਸ. ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਸ. ਬਲਦੇਵ ਸਿੰਘ, ਸ. ਦਵਿੰਦਰ ਸਿੰਘ ਖੁਸ਼ੀਪੁਰ, ਸ. ਕਰਮਵੀਰ ਸਿੰਘ, ਸ. ਸ਼ਿਵਰਾਜ ਸਿੰਘ, ਸ. ਸਿਮਰਨਜੀਤ ਸਿੰਘ ਕੰਗ, ਸਹਾਇਕ ਸੁਪ੍ਰਿੰਟੈਂਡੈਂਟ ਸ. ਸੁਰਜੀਤ ਸਿੰਘ ਰਾਣਾ ਅਤੇ ਹੋਰ ਕਰਮਚਾਰੀ ਮੌਜੂਦ ਸਨ।

ਖ਼ਾਲਸਾ ਅਖ਼ਬਾਰ

ਸੰਮਤ: ੫੫੭ ਨਾਨਕਸ਼ਾਹੀ Weekly Paper ਸਪਤਾਹਕ ਪਤਰ ਸਾਕਾ: ੨੨੦

# ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥



" ਜਨਮ ਮਰਣ ਦੁਹਹੂ ਮਹਿ ਨਾਹ ਜਨ ਪਰਉਪਕਾਰੀ ਆਏ

"ਦਮਦਮੀ ਟਕਸਾਲ ਦੇ 13ਵੇ ਮੁਖੀ ਸੱਚ-ਖੰਡ ਵਾਸੀ ਸ੍ਰੀ ਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆ ਦੇ ਜੀਵਨ ਤੇ ਬਹੁਤ ਹੀ ਸੰਖੇਪ ਜਹੀ ਪੰਛੀ ਝਾਤ ਸ੍ਰੀ ਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆ,ਦਾ ਜਨਮ 21 ਅਕਤੂਬਰ 1932 ਈਸਵੀ, ਨੂੰ ਗੁਰੂ-ਘਰ ਦੇ ਮਹਾਨ ਸਰਧਾਲੂ ਗੁਰਮਤਿ ਵਿੱਚ ਪਰਪੱਕ ਜਥੇਦਾਰ ਬਾਪੂ ਝੰਡਾ ਸਿੰਘ ਜੀ ਦੇ ਘਰ,ਮਾਤਾ ਲਾਭ ਕੌਰ ਜੀ ਦੀ ਪਵਿੱਤਰ ਕੁੱਖੋਂ,ਪਿੰਡ ਪੁਰਾਣੇ ਭੂਰੇ (ਭੂਰਾ ਕੋਹਨਾ) ਤਹਿਸੀਲ ਕਸੂਰ ਜ਼ਿਲ੍ਹਾ ਲਹੌਰ ਵਿਖੇ ਹੋਇਆ,ਜੋ ਹੁਣ ਤਹਿਸੀਲ ਪੱਟੀ,ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੈ॥ ਆਪ ਜੀ ਨੇ ਗੁਰਮਤਿ ਦੀ ਮੁੱਡਲੀ ਬ੍ਰਹਮ ਵਿੱਦਿਆ,ਬਾਬਾ ਬੱਗਾ ਸਿੰਘ ਜੀ ਪਾਸੋਂ ਗ੍ਰਹਿਣ ਕੀਤੀ,ਅਤੇ ਦੁਨਿਆਵੀ ਵਿਦਿਆ ਸਰਕਾਰੀ ਮਿਡਲ ਸਕੂਲ ਖੇਮਕਰਨ ਤੋਂ,ਨੌਂਵੀਂ ਅਤੇ ਦਸਵੀਂ ਇੱਕੋ ਸਾਲ ਵਿੱਚ ਨੈਸ਼ਨਲ ਹਾਈ ਸਕੂਲ ਭਿੱਖੀਵਿੰਡ ਤੋਂ,ਅਤੇ ਐਫੱ.ਏ.ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ॥ ਆਪ ਜੀ ਪਿੰਡ ਤੋਂ ਸਕੂਲ ਆਉਣ ਜਾਣ ਦੇ ਸਮੇ ਨਿੱਤ-ਨੇਮ ਤੋਂ ਇਲਾਵਾ,25 ਪਾਠ ਸ੍ਰੀ ਜਪੁਜੀ ਦੇ ਵੀ ਕਰਿਆ ਕਰਦੇ ਸਨ,ਸੰਤਾ ਮਹਾਂਪੁਰਸ਼ਾਂ ਦੇ ਭੂਆ ਦੇ ਪੁੱਤਰ ਭਗਤ ਉਜਾਗਰ ਸਿੰਘ ਜੀ ਕਾਹਨੇ ਵਾਲੇ,ਦਮਦਮੀ ਟਕਸਾਲ ਦੇ 12 ਵੇਂ ਮੁਖੀ ਵਿਦਿਆ ਮਾਰਤੰਡ ਸੰਤ ਗਿਆਨ ਗੁਰਬਚਨ ਸਿੰਘ ਜੀ ਖਾਲਸਾ ਜੀ ਦੇ ਅਤਿ ਨਿਕਟ ਵਰਤੀਆਂ ਵਿੱਚੋਂ ਸਨ,ਉਹੀ ਆਪ ਜੀ ਨੂੰ ਸੰਤਾਂ ਕੋਲੇ ਜਥੇ ਵਿੱਚ ਭਿੰਡਰੀਂ ਲੈਕੇ ਗਏ ਸਨ,ਅਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜੀ ਨਾਲ ਆਪ ਜੀ ਦਾ ਮਿਲਾਪ ਕਰਵਾਇਆ,ਉਥੇ ਹੀ ਆਪ ਜੀ ਨੇ ਪੰਜਾ ਪਿਆਰਿਆਂ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਛੱਕਕੇ,ਕਰਤਾਰ ਸਿੰਘ ਤੋਂ ਕਰਤਾਰ ਸਿੰਘ ਖਾਲਸਾ ਬਣੇ,ਬਾਅਦ ਵਿੱਚ ਜਥੇ ਸੰਗਤ ਵਿੱਚ ਸੰਤਾਂ ਮਹਾਂਪੁਰਖਾਂ ਦੀ ਮਹਾਨ ਸੇਵਾ ਨਿਵਾਉਂਦਿਆਂ ਹੋਇਆ ਆਪ ਜੀ ਨੂੰ ਸੰਤ,ਅਤੇ ਗਿਆਨੀ ਦੇ ਮਹਾਨ ਰੁਤਬੇ ਦੀ ਦਾਤ ਪ੍ਰਪਤ ਹੋਈ, 31 ਜਨਵਰੀ 1967, ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਰਾਜ ਦੇ ਤਿੰਨ ਸੌ ਸਾਲਾ ਅਵਤਾਰ ਗੁਰਪੁਰਬ ਵਾਲੇ ਦਿਨ,ਤੱਖਤ ਸ੍ਰੀ ਪਟਨਾ ਸਾਹਿਬ ਜੀ ਵਿਖੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ,ਤੱਖਤ ਸ੍ਰੀ ਪਟਨਾ ਸਾਹਿਬ ਵਿਖੇ ਸਾਰੀਆਂ ਸੰਗਤਾਂ ਦੀ ਹਾਜਰੀ ਵਿੱਚ ਦਮਦਮੀ ਟਕਸਾਲ ਦੇ 13 ਵੇਂ ਮੁਖੀ ਵਜੋਂ ਆਪ ਜੀ ਦੀ ਦਸਤਾਰ ਬੰਦੀ ਕਰ ਦਿੱਤੀ,ਅਤੇ ਜੋ ਉਸ ਸਮੇ ਦਸਤਾਰ ਬੰਦੀ ਵਾਰੇ ਬਖ਼ਸ਼ਿਸ਼ ਭਰੇ ਬਚਨ ਮਹਾਂਪੁਰਖਾਂ ਨੇ ਕੀਤੇ,ਉਹ ਸਾਰੇ ਬਚਨ ਟੇਪ ਰਿਕਾਰਡ ਵਿੱਚ ਅੱਜ ਵੀ ਜਥੇ ਸੰਗਤ ਪਾਸ ਮੌਜੂਦ ਹਨ,ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜੀ ਨੇ 28 ਜੂਨ 1969,ਈਸਵੀ ਨੂੰ,ਵੀਰਵਾਰ ਵਾਲੇ ਦਿਨ,ਅੰਮ੍ਰਿਤ ਵੇਲੇ ਦੋ ਵਜੇ ਨਗਰ ਮਹਿਤਾ ਵਿਖੇ,ਭਾਈ ਭਾਨ ਸਿੰਘ ਜੀ ਦੇ ਘਰ ਸੱਚਖੰਡ ਗਮਨ ਕੀਤਾ॥ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਨੇ ਨਗਰ ਮਹਿਤਾ ਵਿਖੇ,ਸੰਤਾਂ ਮਹਾਂਪੁਰਖਾ ਦੀ ਯਾਦ ਵਿੱਚ ਨਗਰ ਅਤੇ ਇਲਾਕਾ ਨਿਵਾਸੀ ਸਿੱਖ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਬਹੁਤ ਥੋੜੇ ਸਮੇ ਵਿੱਚ,ਦੋ ਏਕੜ ਲੰਮਾ ਚੌੜਾ,ਅਤੇ ਪੱਚੀ ਫੁੱਟ ਡੂੰਘੇ ਛੱਪੜ ਨੂੰ ਪੂਰ ਕੇ ਬਹੁਤ ਅਲੀਸ਼ਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼,ਅਤੇ ਜਥੇ ਸੰਗਤ ਤੇ,ਸਿੱਖ ਸੰਗਤਾਂ ਲਈ ਵਿਸਾਲ ਲੰਗਰ ਹਾਲ,ਵਿਦਿਆਰਥੀਆਂ ਲਈ ਗੁਰਬਾਣੀ ਦੀ ਸੰਥਿਆਂ,ਅਤੇ ਸ਼ਬਦ ਕੀਰਤਨ ਦੀ ਸਿਖਲਾਈ ਲਈ,ਬਹੁਤ ਸੁੰਦਰ ਵਿਦਿਆਲੇ ਦੀ ਇਮਾਰਤ,ਸਿੰਘਾਂ ਦੇ ਰਹਿਣ ਲਈ ਬਿਲਡਿੰਗ ਜੋ ਬਹੁਤ ਥੋੜੇ ਸਮੇ ਵਿੱਚ ਤਿਆਰ ਕਰਵਾਈਆਂ,ਖਾਲਸਾ ਪੰਥ ਦੀ ਇਸ ਚਲਦੀ ਵਿਰਦੀ ਯੂਨੀਵਰਸਿਟੀ,ਦਮਦਮੀ ਟਕਸਾਲ ਵਿੱਚ ਵਿੱਦਿਆ ਪ੍ਰਾਪਤ ਕਰਨ ਆਏ ਕਰੀਬ 300 ਸੌ ਸਿੰਘਾਂ ਤੋਂ ਵਧੀਕ ਜਥੇ ਨੂੰ ਮਹਾਂਪੁਰਸ਼ਾਂ ਨੇ ਨਾਲ ਲੈਕੇ,ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿੱਚ ਹੀ ਨਹੀਂ ਦੇਸ਼ ਦੀਆਂ ਹੋਰ ਬਹੁਤ ਸਾਰੀਆਂ ਸਟੇਟਾਂ ਵਿੱਚ ਵੀ ਦਿਨ ਰਾਤ ਇਕ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ,ਅਤੇ ਗੁਰੂ-ਘਰ ਦੇ,ਪ੍ਰਚਾਰ-ਪ੍ਰਸਾਰ ਲਈ ਭਾਰੀ ਗਿਣਤੀ ਵਿੱਚ ਸੇਵਾਦਾਰ,ਗਰੰਥੀ ਸਿੰਘ,ਕਥਾਕਾਰ ਗਿਆਨੀ ਸਿੰਘ,ਰਾਗੀ ਸਿੰਘ,ਅਤੇ ਪ੍ਰਚਾਰਕ ਬਣਾਏ,ਹਰ ਸਮੇ ਹੀ ਆਪ ਜੀ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦੀ ਤੜਪ ਰਹਿੰਦੀ ਸੀ,ਆਪ ਜੀ ਨੇ ਦਿਨ ਰਾਤ ਇਕ ਕੀਤਾ ਹੋਇਆ ਸੀ,ਆਪ ਜੀ 15-15 ਘੰਟੇ ਵੀ ਲਗਾਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਖੜ੍ਹੇ ਹੋਕੇ 30 ਤੋਂ 70 ਥਾਂਵਾਂ ਤੇ ਨਗਰ ਕੀਰਤਨ (ਜਲੂਸ) ਵਾਲੇ ਇਲਾਕੇ ਵਿੱਚ ਪ੍ਰਚਾਰ ਕਰਦੇ ਸਨ,ਸਾਰੀਆਂ ਸਿੱਖ ਸੰਗਤਾਂ ਪਾਸੋ ਆਪ ਜੀ ਧਾਰਨਾ ਰੂਪ ਇਹ ਨਾਹਰਾ ਲਵਾਇਆ ਕਰਦੇ ਸਨ,- ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਧਕ ਨਾਂ ਜਾਵੇ॥ਆਪ ਜੀ ਸਿੱਖ ਸੰਗਤਾਂ ਵਿੱਚ ਗੁਰਸਿਖੀ ਦਾ ਪ੍ਰਚਾਰ ਕਰਦੇ ਸਮੇ,ਦੇਹਧਾਰੀ ਗੁਰੂ ਡੰਬ ਤੋਂ ਸਿੱਖ ਸੰਗਤਾਂ ਨੂੰ ਹਰ ਪੱਖ ਤੋਂ ਸੁਚੇਤ ਕਰਦੇ ਸਨ,ਅਤੇ ਐਮਰਜੈਂਸੀ ਦੀਆਂ ਪੀਡੀਆਂ ਬੰਦਸ਼ਾਂ ਸਮੇ ਜਦੋਂ ਸਾਰਾ ਹਿੰਦੁਸਤਾਨ ਤਰ੍ਹਾ-ਤਰ੍ਹਾ ਕਰ ਰਿਹਾ ਸੀ,ਇਕ ਇਹ ਮਹਾਂਪੁਰਸ਼ ਹੀ ਸਨ ਜੋ ਸੱਚੇ-ਸੁੱਚੇ ਸ਼ਬਦ ਕਹਿਣ ਦੀ ਜੁਰਅਤ ਕਰ ਸਕੇ,ਇਸੇ ਹੀ ਸਮੇ ਐਮਰਜੈਂਸੀ ਦੀਆਂ ਸਾਰੀਆਂ ਹੀ ਰੁਕਾਵਟਾਂ ਦੀਆਂ ਧੱਜੀਆਂ ਉਡਾ ਕੇ ਸੰਤ ਜੀ ਨੇ ਜਥੇ ਸਮੇਤ ਵੱਖ-ਵੱਖ ਥਾਂਵਾਂ ਤੇ 37 ਮਹਾਨ ਨਗਰ ਕੀਰਤਨ(ਜਲੂਸ) ਕੱਢੇ ਸਨ॥ਆਪ ਜੀ ਨੇ ਅਨੇਕਾਂ ਹੀ ਸਿੱਖ ਪ੍ਰਚਾਰਕਾਂ ਦਾ,ਜੋ ਢਾਡੀ,ਕਵੀਸ਼ਰ ਸਨ ਸੁਧਾਰ ਕੀਤਾ ਅਤੇ ਜੋ ਅੰਮ੍ਰਿਤ ਛੱਕਕੇ ਤਿਆਰ ਬਰਤਿਆਰ ਹੋਏ,ਜਥੇ ਸੰਗਤ ਵੱਲੋਂ ਆਪ ਜੀ ਨੇ ਉਨ੍ਹਾ ਸਾਰੇ ਜਥਿਆਂ ਨੂੰ ਪ੍ਰੰਸਨ ਹੋਕੇ ਸਿਰੋਪਾਓ ਵੀ ਬਖ਼ਸ਼ਿਸ਼ ਕੀਤੇ॥ਆਪ ਜੀ ਦੇ ਬਚਨ ਹਮੇਸਾਂ ਹੀ ਬਹੁਤ ਨਿਰਭੈਤਾ ਵਾਲੇ ਹੁੰਦੇ ਸਨ, 7 ਦਸੰਬਰ 1975 ਈ: ਵਾਲੇ ਦਿਨ ਜਦੋ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ,ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ,ਰਾਮ ਲੀਲ੍ਹਾ ਗਰਾਊਂਡ ਦਿੱਲੀ ਵਿਖੇ,ਨਗਰ ਕੀਰਤਨ (ਜਲੂਸ) ਅਨੰਦਪੁਰ ਸਾਹਿਬ ਤੋਂ ਪਹੁੰਚਿਆਂ,ਉਸ ਸਮੇ ਉੱਥੇ ਸਿੱਖ ਸੰਗਤਾਂ ਦਾ ਠਾਠਾਂ ਮਾਰਦਾ,ਲੱਖਾਂ ਦਾ ਇਕੱਠ ਸੀ,ਜਦੋ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਸਟੇਜ ਤੇ ਆਈ,ਤਾਂ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਟੇਜ ਤੋਂ ਉਠ ਕੇ ਸਭ ਨੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ,ਪਰ ਸੰਤ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਸਟੇਜ ਤੇ ਬੈਠੇ ਰਹੇ,ਅਤੇ ਸਟੇਜ ਤੇ ਗੁਰੂ ਸਾਹਿਬ ਦੀ ਹਜੂਰੀ ਵਿੱਚ ਖੜੇ ਹੋਕੇ ਸੁਆਗਤ ਕਰਨ ਵਾਲਿਆ ਦਾ,ਪੁਰ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਵੀ ਕੀਤਾਉਸ ਸਮੇ ਦੇਸ਼ ਦੀ ਪ੍ਰਧਾਨ ਮੰਤਰੀ ਨੇ,ਆਪੁਣੇ ਸਮੇਂ ਵਿੱਚ ਬੋਲਦਿਆ ਕਿਹਾ,ਕਿ ਮੈ ਸਿੱਖ ਕੌਮ ਦਾ ਬਹੁਤ ਆਦਰ ਸਤਿਕਾਰ ਕਰਦੀ ਹਾਂ,ਮੈ ਤਾਂ ਆਪੁਣੇ ਛੋਟੇ ਬੇਟੇ,ਸੰਜੇ ਗਾਂਧੀ ਦਾ ਰਿਸ਼ਤਾ ਵੀ ਇਕ ਗੁਰਸਿੱਖ ਪ੍ਰਵਾਰ ਦੀ ਬੇਟੀ ਨਾਲ ਕੀਤਾ ਹੈ,ਅਤੇ ਜਿਸ ਦਿੱਲੀ ਦੇ ਤੱਖਤ ਨੇ ਨੌਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕੀਤਾ ਸੀ,ਅੱਜ ਉਹੀ ਦਿੱਲੀ ਦਾ ਤੱਖਤ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਨੂੰ ਸੀਸ ਨਿਵਾਉਣ ਵਾਸਤੇ ਆਇਆ ਹੈ। ਇਸ ਤੋਂ ਬਆਦ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਆਪੁਣੇ ਸਮੇ ਵਿੱਚ ਸਟੇਜ ਤੇ ਇਸ ਧਾਰਨਾ ਨੂੰ ਸਾਰੀ ਸੰਗਤ ਤੋਂ ਗੱਜ ਵੱਜ ਕੇ ਬੁਲਾਇਆ ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਧਕ ਨਾ ਜਾਵੇ-ਇਸ ਤੋਂ ਬਾਅਦ ਫੇਰ ਸੰਤਾਂ ਨੇ ਬੋਲਦਿਆਂ,ਪ੍ਰਧਾਨ ਮੰਤਰੀ ਇੰਦਰਾਂ ਗਾਂਧੀ ਨੂੰ ਬਹੁਤ ਹੀ ਨਿਰਭੈਤਾ ਸਿਹਤ ਕਿਹਾ,ਅਤੇ ਸਾਰੀਆਂ ਸਿੱਖ ਸੰਗਤਾਂ ਨੂੰ ਨਿਮ੍ਰਤਾ ਸਹਿਤ ਬੇਨਤੀ ਕੀਤੀ,ਖਾਲਸਾ ਜੀ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਭਾਵੇਂ ਕੋਈ ਵੱਡੇ ਤੋਂ ਵੱਡੇ ਆਉਦੇ ਵਾਲਾ ਆਵੇ,ਪਰ ਸੰਗਤ ਵਿੱਚੋਂ ਕਿਸੇ ਨੇ ਵੀ ਉੱਠ ਕੇ ਖੜੇ ਨਹੀਂ ਹੋਣਾ,ਅਤੇ ਜੇ ਸੰਗਤ ਵਿੱਚ ਕਿਸੇ ਆਏ ਦਾ ਸਤਿਕਾਰ ਕਰਨਾ ਹੈ,ਤਾਂ ਉਸ ਦਾ ਸੰਗਤਾਂ ਵੱਲੋਂ ਜੈਕਾਰਾ ਬੁਲਾਕੇ ਸਤਿਕਾਰ ਕੀਤਾ ਜਾ ਸਕਦਾ ਹੈ,ਮੈ ਇਹ ਵੀ ਆਪ ਸਾਰਿਆ ਨੂੰ ਬੇਨਤੀ ਕਰਦਾ ਹਾਂ,ਰਹਿਤਨਾਮੇ ਦੇ ਬਚਨ ਹਨ,ਹਰ ਇੱਕ ਗੁਰਸਿਖ ਮਾਈ ਭਾਈ ਦਾ ਫਰਜ ਬਣਦਾ ਹੈ ਕਿ ਗੁਰੂ ਸਾਹਿਬ ਦੇ ਇਨ੍ਹਾਂ ਹੁਕਮ ਉਤੇ ਪਹਿਰਾ ਦੇਵੇ॥ਕੰਨਿਆਂ ਦੇਵੈ ਸਿੱਖ ਕੋ ਲੇਵੈ ਨਹਿ ਕਿਛੁ ਦਾਮ॥ਸੋਈ ਮੇਰਾ ਸਿੱਖ ਹੈ ਪਹੁੰਚੇ ਗੁਰ ਕੇ ਧਾਮ॥ਕਿਸੇ ਵੀ ਗੁਰਸਿਖ ਪ੍ਰਵਾਰ ਨੇ,ਆਪੁਣੀ ਬੇਟੀ ਦਾ ਰਿਸ਼ਤਾ ਕਰਨਾ ਹੈ,ਉਸ ਨੂੰ ਸਿੱਖ ਪ੍ਰਵਾਰ ਤੋਂ ਬਗੈਰ ਨਹੀਂ ਕਰਨਾ ਚਾਹੀਦਾ,ਪਰ ਇਥੇ ਕਈ ਰਾਜਪੂਤ ਘਰਾਨੇ,ਮੁਗਲ ਰਾਜਿਆਂ ਨੂੰ ਆਪੁਣੀਆਂ ਧੀਆਂ ਦੇ ਡੋਲੇ ਦੇਕੇ ਰਾਜ-ਭਾਗ ਕਰਿਆ ਕਰਦੇ ਸਨ,ਧਿਰਕਾਰ ਹੈ,ਉਨ੍ਹਾ ਸਿੱਖਾਂ ਨੂੰ ਜੋ ਆਪੁਣੀ ਧੀ ਦਾ ਰਿਸ਼ਤਾ ਕਿਸੇ ਗ਼ੈਰ ਸਿੱਖ ਨਾਲ ਕਰਦੇ ਹਨ॥ ਜੋ ਪ੍ਰਧਾਨ ਮੰਤਰੀ ਜੀ ਨੇ ਕਿਹਾ ਕਿ ਅੱਜ ਦਿੱਲੀ ਦਾ ਤੱਖਤ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਨੂੰ ਸੀਸ ਨਿਵਾਉਣ ਵਾਸਤੇ ਚੱਲਕੇ ਆਇਆ ਹੈ,ਮੈ ਇਹ ਪੁੱਛਣਾ ਚਾਹੁੰਦਾ ਹਾਂ,ਪ੍ਰਧਾਨ ਮੰਤਰੀ ਜੀ ਤੁਸੀ ਕੋਈ ਇਹ ਗੁਰੂ ਸਾਹਿਬ ਜੀ ਤੇ ਜਾ ਸਿੱਖ ਕੌਮ ਤੇ ਅਸਾਨ ਕਰਨ ਨਹੀਂ ਆਏ,ਮੈ ਇਹ ਵੀ ਪੁਛਣਾ ਚਾਹੁੰਦਾ ਹਾਂ ਕਿ,ਇਹ ਦਿੱਲੀ ਦਾ ਤੱਖਤ ਦਿਵਾਇਆ ਕਿਸ ਨੇ,ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਹਰਾਜ ਜੀ ਨੇ ਤਿਲਕ ਜੰਞੂ ਦੀ ਰਖਿਆ ਖਾਤਰ ਆਪੁਣੀ ਅਤੇ ਆਪੁਣੇ ਗੁਰਸਿੱਖਾਂ ਦੀਆਂ ਸ਼ਹੀਦੀਆਂ ਦੇਕੇ ਇਹ ਦਿੱਲੀ ਦਾ ਤੱਖਤ ਦਵਾਇਆ ਹੈ,ਮੈ ਕਹਿੰਦਾ ਹਾਂ ਜਿੰਨੇ ਵੀ,ਪ੍ਰਧਾਨ ਮੰਤਰੀ ਦੇ ਸਰੀਰ ਤੇ ਰੋਮ ਹਨ,ਏਨੇ ਵਾਰੀ ਆਪੁਣਾ ਸੀਸ ਕੱਟ ਕੇ ਵੀ,ਗੁਰੂ ਸਾਹਿਬ ਜੀ ਦੇ ਚਰਨਾ ਵਿੱਚ ਭੇਟਾ ਕਰਨ,ਤਾ ਵੀ ਇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ,ਅਹਿਸਾਨ ਨਹੀਂ ਚੁੱਕਾ ਸਕਦੇ॥ਮਹਾਪੁਰਸ਼ਾ ਦੇ ਭੈ ਤੇ ਰਹਿਤ ਇਹਨਾ ਬਚਨਾ ਨੂੰ ਸੁਣਕੇ,ਉਸੇ ਦਿਨ ਤੋਂ ਹੀ ਦਮਦਮੀ ਟਕਸਾਲ ਸਰਕਾਰ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਈ ਸੀ॥ਮਹਾਂਪੁਰਸ਼ਾਂ ਨੇ ਸਿੱਖ ਕੌਮ ਨੂੰ ਵੀ ਬਹੁਤ ਵੱਡਾ ਹਲੂਣਾ ਦੇਕੇ ਆਪੁਣੇ ਵਿਰਸੇ ਨਾਲ ਜੋੜਿਆ॥ ਆਖਰ ਉਹ ਸਮਾਂ ਵੀ ਇਕ ਦਿਨ ਆਗਿਆ,ਜਦੋ ਸਰੀਰ ਕਰਕੇ ਅੱਜ ਤੱਕ ਕਾਲ (ਮੌਤ) ਦੇ ਸਮੇ ਤੋਂ ਕੋਈ,ਬੱਚ ਨਹੀਂ ਸਕਿਆ,ਇਕ ਦਿਨ ਸਭ ਨੇ,ਇਸ ਫ਼ਾਨੀ ਸੰਸਾਰ ਨੂੰ ਛੱਡ ਜਾਣਾ ਹੈ,ਮਹਾਂਪੁਰਸ਼ਾਂ ਦਾ ਸੱਚ-ਖੰਡ ਗਮਨ--ਪਿੰਡ ਮਲਸੀਆਂ(ਨਕੋਧਰ) ਵਿਖੇ ਸਰਦਾਰ ਉੱਜਲ ਸਿੰਘ ਦੇ ਘਰ ਵਿੱਚ ਸਾਰੇ ਜਥੇ ਸੰਗਤ ਦਾ ਉਤਾਰਾ ਸੀ ,ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸਜਦੇ ਸਨ,ਅਤੇ 3 ਅਗਸਤ 1977 ਵਾਲੇ ਦਿਨ ਦਾ ਦੀਵਾਨ ਸਜਾਕੇ ਅੱਗੇ ਸੋਲਨ ਜਾਣਾ ਸੀ,ਜਾਣ ਤੋਂ ਪਹਿਲਾ ਦੀਵਾਨ ਸਜਾਏ ਗਏ,ਜਥੇ ਸੰਗਤ ਦੇ ਹਜ਼ੂਰੀ ਰਾਗੀ,ਭਾਈ ਰਾਮ ਸਿੰਘ ਜੀ,ਭਾਈ ਗੁਰਸ਼ਰਨ ਸਿੰਘ ਜੀ,ਦਾਸ ਭਾਈ ਮੁਖਤਿਆਰ ਸਿੰਘ ਮੁਖੀ,ਭਾਈ ਸੁਰਜੀਤ ਸਿੰਘ ਜੀ,ਭਾਈ ਗੁਰਮੇਲ ਸਿੰਘ ਜੀ ਪਾਸੋਂ ਕੀਰਤਨ ਸਰਵਨ ਕਰਦਿਆਂ ਸਮੇ ਮਹਾਂਪੁਰਖਾਂ ਨੇ ਇਹ ਸ਼ਬਦ ਆਪ ਆਗਿਆ ਕਰਕੇ ਸੁਣਿਆ, ਬਹੁਰਿ ਹਮ ਕਾਹੇ ਆਵਹਿਗੇ॥ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ॥ਮਹਾਂਪੁਖਸ਼ਾਂ ਨੇ ਫੇਰ ਡੇਢ ਘੰਟਾ ਆਪ ਕਥਾ ਕੀਤੀ ਅਤੇ ਅਖੀਰ ਵਿੱਚ ਸਾਰੇ ਜਥੇ ਪਾਸੋ ਅਤੇ ਸੰਗਤਾਂ ਪਾਸੋ ਹੱਥ ਜੋੜ ਕੇ ਮੁਆਫੀ ਮੰਗੀ,ਕੜਾਹ ਪ੍ਰਸ਼ਾਦਿ ਵਰਤਣ ਸਮੇ ਸੰਤਾਂ ਨੇ ਆਪ ਇਹ ਸ਼ਬਦ ਸਾਰੀਆਂ ਸੰਗਤਾਂ ਨਾਲ ਧਾਰਨਾ ਰੂਪ ਵਿੱਚ ਪੜਿਆ--ਨਦੀਆ ਵਾਹ ਵਿਛੁਨਿਆ ਮੇਲਾ ਸੰਜੋਗੀ ਰਾਮ॥ ਸੰਤਾਂ ਮਹਾਂਪੁਰਖਾਂ ਨੇ ਥੋੜੇ ਜਿਹੇ ਸਿੰਘ ਆਪੁਣੇ ਨਾਲ ਰੱਖ ਕੇ ਬਾਕੀ ਸਾਰੇ ਸਿੰਘਾਂ ਨੂੰ ਸਤਿਕਾਰ ਯੋਗ ਬਾਬਾ ਠਾਕੁਰ ਸਿੰਘ ਜੀ ਨਾਲ ਵੱਡੀ ਬੱਸ ਸਮੇਤ ਮਹਿਤੇ ਜਾਣ ਦੀ ਆਗਿਆ ਕੀਤੀ,ਮਹਾਂਪੁਰਸ਼ ਆਪ ਵੀ ਉਸੇ ਦਿਨ 3 ਅਗਸਤ 1977 ਨੂੰ ਤਿੰਨ ਗੱਡੀਆ ਦੇ ਕਾਫਲੇ ਰਾਹੀ ਨਗਰ ਮਲਸੀਆਂ ਤੋ ਸੋਲਨ ਨੂੰ ਤੁਰੇ,ਸ੍ਰੀ ਚੇਲਾ ਰਾਮ ਜੀ ਸਿੰਧੀ ਪ੍ਰੇਮੀ ਪ੍ਰਵਾਰ ਵੱਲੋਂ ਭੇਜੀ ਕਾਰ ਵਿੱਚ,ਮਹਾਂਪੁਰਖ ਅਗਲੀ ਸੀਟ ਉਤੇ ਬੈਠ ਗਏ,ਅਤੇ ਪਿੱਛੇ ਭਾਈ ਗੁਰਮੁਖ ਸਿੰਘ ਗੜਬਈ,ਭਾਈ ਰਛਪਾਲ ਸਿੰਘ ਜੀ(ਪੀਏ) ਅਤੇ ਜਥੇਦਾਰ ਭਾਈ ਰਾਮ ਸਿੰਘ ਜੀ ਸੁਲਤਾਨ ਪੁਰੀ ਸੰਤਾਂ ਦੇ ਨਾਲ ਪਿੱਛਲੀ ਸੀਟ ਤੇ ਬੈਠ ਗਏ,ਕਾਰ ਦੇ ਪਿੱਛੇ,ਜਥੇ ਦੇ ਰਾਗੀ ਸਿੰਘਾ ਵਾਲੀ ਸਾਡੀ ਜੀਪ ਸੀ,ਜਿਸ ਵਿੱਚ ਦਾਸ ਮੁਖਤਿਆਰ ਸਿੰਘ ਮੁਖੀ ਜੀਪ ਦੀ ਅਗਲੀ ਸੀਟ ਤੇ ਹਜੂਰੀ ਰਾਗੀ ਜਥੇ ਨਾਲ ਬੈਠਾ ਸੀ,ਅਤੇ ਜੀਪ ਦੇ ਪਿੱਛੇ ਜਥੇ ਦੀ ਮਿੰਨੀ ਬੱਸ ਵਿੱਚ ਜਥੇ ਦੇ ਸਿੰਘ ਸਨ,ਜਦੋਂ ਫਿਲੌਰ ਦੇ ਉਚੇ ਪੁਲ ਦੇ ਥਲੇ ਆਏ,ਉਸ ਸਮੇਂ ਮਹਾਂਪੁਰਸ਼ਾਂ ਨੇ,ਕਾਰ ਨੂੰ ਰੋਕ ਕੇ ਭਾਈ ਗੁਰਮੁਖ ਸਿੰਘ ਗੜਬਈ ਨੂੰ,ਆਪੁਣੇ ਵਾਲੀ ਸੀਟ ਤੇ ਮੂਹਰੇ ਬੈਠਾ ਦਿੱਤਾ ਅਤੇ ਆਪ ਕਾਰ ਦੇ ਪਿੱਛੇ,ਖੱਬੇ ਪਾਸੇ ਵਾਲੀ ਸੀਟ ਤੇ ਬੈਠ ਗਏ,ਦਿਨ ਦੇ 3 ਕੁ ਵਜੇ ਦਾ ਟਾਇਮ ਸੀ,ਥੋੜਾ ਜਿਹਾ ਮੀਹ ਦਾ ਮੌਸਮ ਸੀ ਅਤੇ ਨਿੱਕੀਆ ਨਿੱਕੀਆ ਕਣੀਆ ਪੈਂਦੀਆਂ ਸਨ,ਲਾਡੋਵਾਲ ਲੰਘ ਗਏ ਸੀ,ਕਾਰ ਵਾਲਾ ਡਰਾਇਵਰ ਮੂਹਰੇ ਜਾਂਦੀ ਗੱਡੀ ਨੂੰ ਜਦੋ ਪਾਸ ਕਰਨ ਲੱਗਾ ਤਾਂ ਲੁਧਿਆਣੇ ਵਾਲੀ ਸਾਇਡ ਤੋ ਇਕ ਹੋਰ ਗੱਡੀ ਅਗੇ ਆ ਗਈ,ਸੰਤਾਂ ਵਾਲੀ ਕਾਰ ਦੇ ਡਰਾਇਵਰ ਨੇ ਉਸ ਤੋ ਬਚਾਉਦਿਆਂ ਹੋਇਆ ਕਾਰ ਨੂੰ ਤੇਜ਼ ਕਰਕੇ,ਅੱਗੇ ਕਰਕੇ ਜਦੋਂ ਕਾਰ ਦੀ ਬਰੇਕ ਮਾਰੀ,ਤਾਂ ਕਾਰ ਵੇਕਾਬੂ ਹੋ ਗਈ,ਜੀਪ ਵਿੱਚ ਬੈਠੇ ਸਾਡੀਆਂ ਅੱਖਾਂ ਦੇ ਸਾਹਮਣੇ ਕਾਰ ਘੁੰਮਦੀ ਹੋਈ ਸੰਤਾਂ ਵਾਲੀ ਸਾਇਡ ਪੂਰੇ ਜੋਰ ਨਾਲ ਇੱਕ ਤਰਖਤ ਨਾਲ ਜਾ ਟਕਰਾਈ,ਮਹਾਪੁਰਸ਼ ਬਹੁਤ ਸਖ਼ਤ ਜਖਮੀ ਹੋ ਗਏ,ਅਤੇ ਸੰਤਾਂ ਨੂੰ ਬਹੁਤ ਗੰਭੀਰ ਸੱਟਾਂ ਲਗੀਆਂ,ਅਸੀ ਸਾਰੇ ਸਿੰਘ ਪਿੱਛੇ ਸੀ ਜਲਦੀ ਨਾਲ ਮਹਾਂਪੁਰਸ਼ਾਂ ਦੇ ਸਰੀਰ ਨੂੰ ਸਿੰਘਾਂ ਨੇ ਆਸਰਾ ਦੇਕੇ ਮਿੰਨੀ ਬੱਸ ਰਾਹੀ ਲੁਧਿਆਣੇ ਮਿਸ ਬਰਾਊਨ ਹਸਪਤਾਲ ਵਿੱਚ ਦਾਖਲ ਕਰਵਾਇਆ,ਇਹ ਖ਼ਬਰ ਰੇਡੀਓ ਅਤੇ ਪੇਪਰਾਂ ਰਾਹੀਂ ਸਾਰੇ ਪੰਜਾਬ ਵਿੱਚ ਜੰਗਲ਼ ਦੀ ਅੱਗ ਵਾਂਗ ਫੈਲ ਗਈ,ਹਰ ਗੁਰਸਿੱਖ ਦਾ ਹਿਰਦਾ ਵਲੂੰਧਰਿਆ ਗਿਆ,ਸੰਗਤਾਂ ਨੇ ਲੁਧਿਆਣੇ ਵੱਲ ਵਹੀਰਾਂ ਘੱਤ ਦਿੱਤੀਆਂ,ਫਿਕਰਮੰਦ ਚਿਹਰੇ ਇਕ ਦੂਜੇ ਸਾਹਵੇਂ ਸਵਾਲੀਆ ਨਿਸ਼ਾਨ ਦਾ ਰੂਪ ਧਾਰੀ ਖੜ੍ਹੇ ਸਨ,ਮਹਾਂਪੁਰਖ ਤੇਰਾਂ ਦਿਨ ਹਸਪਤਾਲ ਰਹੇ,ਉਸ ਸਮੇਂ ਭਾਈ ਜਰਨੈਲ ਸਿੰਘ ਜੀ (ਬਾਅਦ ਵਿੱਚ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ) ਅੱਠੇ ਪਹਿਰ ਮਹਾਂਪੁਰਖਾਂ ਦੀ ਸੇਵਾ ਵਿੱਚ ਹਾਜ਼ਰ ਸਨ,ਲੁਧਿਆਣੇ ਹੀ ਗਰੇਵਾਲ਼ ਪ੍ਰਵਾਰ,ਸਰਦਾਰ ਮਨੋਹਰ ਸਿੰਘ ਜੀ, ਸਰਦਾਰ ਤੇਜਵੰਤ ਸਿੰਘ ਜੀ ਦੇ ਘਰ ਸੰਤਾ ਦੀ ਦੇਹ ਅਰੋਗਤਾ ਲਈ,ਅਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਵੀ,ਸ੍ਰੀ ਅਖੰਡ ਪਾਠਾਂ ਦੇ ਪ੍ਰਵਾਹ ਅਰੰਭ ਕੀਤੇ ਗਏ ਸਨ,ਦਮਦਮੀ ਟਕਸਾਲ ਦੇ ਸਾਰੇ ਵਿਦਿਆਰਥੀਆਂ ਵੱਲੋ ਅਤੇ ਸਿੱਖ ਸੰਗਤਾਂ ਵੱਲੋਂ ਵੀ ਸੰਤਾਂ ਦੀ ਦੇਹ ਅਰੋਗਤਾ ਲਈ ਗੁਰਬਾਣੀ ਦਾ ਜਾਪ ਜਾਰੀ ਸਨ,ਪਰ ਉਸ ਅਕਾਲ ਪੁਰਖ ਵਾਹਿਗੁਰੂ ਜੀ ਦੇ ਇਸ ਭਾਣੇ ਨੂੰ ਨਹੀਂ ਕੋਈ ਟਾਲ ਸਕਦਾ,ਉਹ ਭਾਣਾ ਵਰਤ ਗਿਆ,16 ਅਗਸਤ 1977 ਈ:ਨੂੰ ਦਮਦਮੀ ਟਕਸਾਲ ਦੇ 13 ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਆਤਮਾ ਦੀ ਜੋਤ,ਉਸ ਪ੍ਰੀਪੂਰਨ ਪਰਮਾਤਮਾ ਦੀ ਜੋਤ ਵਿੱਚ ਸਮਾ ਗਈ,,(ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥) ਮਹਾਂਪੁਰਖਾਂ ਦੇ ਚਰਨਾਂ ਵਿੱਚ ਉਨ੍ਹਾਂ ਦੇ ਇਸ ਨਿਮਾਣੇ ਜੇ ਸੇਵਕ ਦੀ ਸਦਾ ਨਮਸਕਾਰ ਹੈ.....

## ਬਰਸੀ ਤੇ ਵਿਸ਼ੇਸ਼



ਗੁਰੂ ਪੰਥ ਦਾ ਦਾਸ
ਬਾਬਾ ਮੁਖ਼ਤਿਆਰ ਸਿੰਘ ਮੁਖੀ, ਟੋਡਰਵਾਲ
ਵਿਦਿਆਰਥੀ ਦਮਦਮੀ ਟਕਸਾਲ USA